ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 20*Issue 89 Wednesday, May 05, 2021 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਲਾਕਡਾਊਨ ਵਿੱਚ ਮੁਜ਼ਾਹਰੇ ਕਰਨ ਦਾ ਪਵੇਗਾ ਉਲਟ ਅਸਰ : ਟਰੂਡੋ

ਓਟਵਾ, 4 ਮਈ (ਪੋਸਟ ਬਿਊਰੋ) : ਪਬਲਿਕ ਹੈਲਥ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਵਿਰੋਧ ਕਰ ਰਹੇ ਗਰੁੱਪਜ਼ ਵਿੱਚ ਸ਼ਾਮਲ ਲੋਕਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਜਿਹੇ ਮੁਜ਼ਾਹਰੇ ਕਰਨ ਨਾਲ ਉਲਟ ਅਸਰ ਪਵੇਗਾ।

ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਆਖਿਆ ਕਿ ਇਨ੍ਹਾਂ ਮੁਜ਼ਾਹਰਾਕਾਰੀਆਂ ਦਾ ਮਕਸਦ ਆਮ ਵਰਗੇ ਹਾਲਾਤ ਵਾਪਿਸ ਲਿਆਉਣਾ ਹੈ ਪਰ ਇਸ ਤਰ੍ਹਾਂ ਇੱਕਠੇ ਹੋਣ ਨਾਲ ਇੱਕ ਤਾਂ ਵਾਇਰਸ ਹੋਰ ਫੈਲੇਗਾ ਤੇ ਅਜਿਹਾ ਹੋਣ ਦੀ ਸੂਰਤ ਵਿੱਚ ਲਾਕਡਾਊਨ ਵਿੱਚ ਹੋਰ ਵਾਧਾ ਹੋਵੇਗਾ। ਟਰੂਡੋ ਨੇ ਉਨ੍ਹਾਂ ਸਾਰੇ ਕੈਨੇਡੀਅਨਾਂ ਦਾ ਧੰਨਵਾਦ ਕੀਤਾ ਜਿਹੜੇ ਨਿਯਮਾਂ ਦਾ ਪਾਲਣ ਕਰ ਰਹੇ ਹਨ ਤੇ ਆਖਿਆ ਕਿ ਉਹ ਸਭ ਜਾਣਦੇ ਹਨ ਕਿ ਨਿਯਮਾਂ ਤੇ ਪਾਬੰਦੀਆਂ ਦਾ ਪਾਲਣ ਕਰਨ ਨਾਲ ਹਾਲਾਤ ਜਲਦ ਆਮ ਵਰਗੇ ਹੋਣਗੇ।



ਟਰੂਡੋ ਨੇ ਇਹ ਵੀ ਆਖਿਆ ਕਿ ਐਨੇ ਕੈਨੇਡੀਅਨ ਇਸ ਲਈ ਪਬਲਿਕ ਹੈਲਥ ਮਾਪਦੰਡਾਂ ਦਾ ਪਾਲਣ ਕਰ ਰਹੇ ਹਨ ਕਿਉਂਕਿ ਉਹ ਸਿਰਫ ਆਮ ਵਰਗੇ ਹਾਲਾਤ ਹੀ ਵਾਪਿਸ ਨਹੀਂ ਚਾਹੁੰਦੇ ਸਗੋਂ ਉਹ ਆਪਣੇ ਗੁਆਂਢੀਆਂ ਤੇ ਫਰੰਟਲਾਈਨ ਵਰਕਰਜ਼ ਦੀ ਕੇਅਰ ਕਰਦੇ ਹਨ। ਟਰੂਡੋ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਅਜਿਹਾ ਆਪਣੇ ਸਾਥੀ ਕੈਨੇਡੀਅਨਾਂ ਦੇ ਸਨਮਾਨ ਸਦਕਾ ਹੀ ਕਰ ਲੈਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਬਾਓਡਨ, ਅਲਬਰਟਾ ਵਿੱਚ ਦੋ ਦਿਨਾਂ ਲਈ ਵੀਕੈਂਡ ਉੱਤੇ "ਨੋ ਮੋਰ ਲਾਕਡਾਊਨਜ਼" ਦੇ ਨਾਂ ਉੱਤੇ ਕੀਤੇ ਗਏ ਮੁਜ਼ਾਹਰਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇੱਕਠੇ ਹੋਏ। ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਵੱਲੋਂ ਇਸ ਈਵੈਂਟ ਦੀ ਨਿਖੇਧੀ ਕੀਤੀ ਗਈ ਤੇ ਉਨ੍ਹਾਂ ਆਖਿਆ ਕਿ ਇਹ ਸੱਭ ਨਿਯਮ ਮੰਨਣ ਵਾਲਿਆਂ ਦੇ ਮੂੰਹ ਉੱਤੇ ਚਪੇੜ ਮਾਰਨ ਦੇ ਤੁਲ ਹੈ। ਇਸ ਸਮੇਂ ਕੈਨੇਡਾ ਤੇ ਅਮਰੀਕਾ ਦੇ ਮੁਕਾ-ਬਲੇ ਅਲਬਰਟਾ ਵਿੱਚ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਕੋਵਿਡ-19 ਦੇ ਸੱਭ ਤੋਂ ਵੱਧ ਮਾਮਲੇ ਪਾਏ ਜਾ ਰਹੇ ਹਨ।

ਟਰੂਡੋ ਨੇ ਆਖਿਆ ਕਿ ਤੀਜੀ ਵੇਵ ਦਾ ਸਾਹਮਣਾ ਕਰ ਰਹੇ ਹੋਰਨਾਂ ਪ੍ਰੋਵਿੰਸਾਂ ਵਾਂਗ ਹੀ ਫੈਡਰਲ ਸਰਕਾਰ ਅਲਬਰਟਾ ਦੀ ਮਦਦ ਕਰਨਾ ਜਾਰੀ ਰੱਖੇਗੀ।

# ਜਲਦ ਹੀ ਦੇਸ਼ ਤੋਂ ਬਾਹਰ ਟਰੈਵਲ ਕਰ ਸਕਣਗੇ ਕੈਨੇਡੀਅਨ : ਟਰੂਡੋ

ਓਟਵਾ, 4 ਮਈ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਗਰਮੀਆਂ ਤੱਕ ਕੈਨੇਡੀਅਨਜ਼ ਦੇਸ਼ ਤੋਂ ਬਾਹਰ ਟਰੈਵਲ ਕਰ ਸਕਣਗੇ। ਉਨ੍ਹਾਂ ਇਹ ਵੀ ਆਖਿਆ ਕਿ ਉਹ ਹੋਰਨਾਂ ਦੇਸ਼ਾਂ ਨਾਲ ਤਾਲਮੇਲ ਕਰਕੇ ਉਹ ਦਸਤਾਵੇਜ਼ ਮੁਹੱਈਆ ਕਰਵਾਉਣਗੇ ਜਿਹੜੇ ਉਨ੍ਹਾਂ ਨੂੰ ਚਾਹੀਦੇ ਹੋਣਗੇ। ਇਨ੍ਹਾਂ ਵਿੱਚ ਕੋਵਿਡ-19 ਖਿਲਾਫ ਵੈਕਸੀਨੇਸ਼ਨ ਦੇ ਸਬੂਤ ਦਾ ਸਰਟੀਫਿਕੇਟ ਵੀ ਕਿਸੇ ਨਾ ਕਿਸੇ ਰੂਪ ਵਿੱਚ ਸ਼ਾਮਲ ਹੋਵੇਗਾ। ਅਜਿਹਾ ਕਰਕੇ ਟਰੂਡੋ ਵੱਲੋਂ ਕੌਮਾਂਤਰੀ ਟਰੈਵਲ ਲਈ ਵੈਕਸੀਨ ਪਾਸਪੋਰਟ ਦੀ




ਧਾਰਣਾ ਨੂੰ ਥੋੜ੍ਹਾ ਹੋਰ ਸਪਸ਼ਟ ਕਰਕੇ ਦੱਸਣ ਦੀ ਪੇਸ਼ਕਸ਼ ਕੀਤੀ ਗਈ ਹੈ। ਟਰੂਡੋ ਨੇ ਓਟਵਾ ਵਿੱਚ ਨਿਊਜ਼ ਕਾਨਫਰੰਸ ਵਿੱਚ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਲੋੜੀਂਦੇ ਟਰੈਵਲ ਦਸਤਾਵੇਜ਼ ਤਿਆਰ ਕਰਨ ਲਈ ਹੋਰਨਾਂ ਦੇਸ਼ਾਂ ਨਾਲ ਰਲ ਕੇ ਕੰਮ ਕਰੇਗੀ। ਟਰੂਡੋ ਨੇ ਆਖਿਆ ਕਿ ਅਸੀਂ ਆਪਣੇ ਭਾਈਵਾਲਾਂ, ਖਾਸਤੌਰ ਉੱਤੇ ਯੂਰਪ, ਨਾਲ ਰਲ ਕੇ ਵੈਕਸੀਨ ਪਾਸਪੋਰਟ ਜਾਂ ਦਸਤਾਵੇਜ਼ ਤਿਆਰ ਕਰਨ ਬਾਰੇ ਕੰਮ ਕਰ ਰਹੇ ਹਾਂ। ...ਬਾਕੀ ਪੰਨਾ 3 'ਤੇ

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axxel Insurance Brokers Ltd.
1550 South Gateway Rd. Suite 220 Mississauga, ON L4W 5G6

# ਹੁਣ 12 ਤੋਂ 15 ਸਾਲਾਂ ਦੇ ਬੱਚਿਆਂ ਨੂੰ ਲੱਗ ਸਕਣਗੇ ਫਾਈਜ਼ਰ ਵੈਕਸੀਨ ਦੇ ਸ਼ੌਟਸ

ਟੋਰਾਂਟੋ, 4 ਮਈ (ਪੋਸਟ ਬਿਊਰੋ) : ਅਮੈਰੀਕਨ ਰੈਗੂਲੇਟਰਜ਼ ਵੱਲੋਂ ਫਾਈਜ਼ਰ ਦੀ ਕੋਵਿਡ-19 ਵੈਕਸੀਨ ਦੇ ਸ਼ੌਟਸ 12 ਤੇ 15 ਸਾਲ ਦਰਮਿਆਨ ਦੇ ਬੱਚਿਆਂ ਨੂੰ ਵੀ ਲਾਉਣ ਦੀ ਮਨਜ਼ੂਰੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਨਿਊ ਯੌਰਕ ਟਾਈਮਜ਼ ਤੇ ਸੀ ਐਨ ਐਨ ਦੋਵਾਂ ਵੱਲੋਂ ਇਹ ਰਿਪੋਰਟ ਕੀਤੀ ਗਈ ਹੈ ਕਿ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਅਗਲੇ ਹਫਤੇ ਤੱਕ ਇਸ ਮਾਮਲੇ ਵਿੱਚ ਹਰੀ ਝੰਡੀ ਦੇ ਸਕਦੀ ਹੈ। ਹੈਲਥ ਕੈਨੇਡਾ ਨੇ ਦੱਸਿਆ ਕਿ 16 ਅਪਰੈਲ ਨੂੰ ਇਸ ਫਾਰਮਾਸਿਊਟੀਕਲ ਕੰਪਨੀ ਵੱਲੋਂ ਇਸ ਉਮਰ ਵਰਗ ਨੂੰ ਵੈਕਸੀਨੇਟ ਕਰਨ ਦੀ ਇਜਾਜ਼ਤ ਮੰਗਣ ਲਈ ਅਪਲਾਈ ਕੀਤਾ ਗਿਆ ਸੀ।

ਇੱਕ ਬਿਆਨ ਜਾਰੀ ਕਰਕੇ ਹੈਲਥ ਕੈਨੇਡਾ ਨੇ ਆਖਿਆ ਹੈ ਕਿ ਵਿਭਾਗ ਵੱਲੋਂ ਹਾਲ ਦੀ ਘੜੀ ਕੰਪਨੀ ਦੀ ਇਸ ਪੇਸ਼ਕਸ਼ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ ਤੇ ਵੈਕਸੀਨ ਦੀ




ਸੇਫਟੀ ਤੇ ਇਸ ਦੀ ਸਾਰਥਕਤਾ ਦਾ ਚੰਗੀ ਤਰ੍ਹਾਂ ਮੁਲਾਂਕਣ ਕਰਨ ਤੋਂ ਬਾਅਦ ਹੀ ਇਸ ਉਮਰ ਵਰਗ ਦੇ ਬੱਚਿਆਂ ਨੂੰ ਇਸ ਵੈਕਸੀਨ ਦੇ ਸ਼ੌਟਸ ਲਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਮਾਰਚ ਦੇ ਅੰਤ ਵਿੱਚ ਕੰਪਨੀ ਨੇ 2,200 ਕਿਸ਼ੋਰਾਂ ਉੱਤੇ ਕੀਤੇ ਗਏ ਆਪਣੇ ਕਲੀਨਿਕਲ ਟ੍ਰਾਇਲਜ਼ ਦੇ ਨਤੀਜੇ ਐਲਾਨੇ ਸਨ। ਇਨ੍ਹਾਂ ਨਤੀਜਿਆਂ ਵਿੱਚ ਇਹ ਦਾਅਵਾ ਕੀਤਾ ਗਿਆ ਸੀ ਕਿ ਇਹ ਵੈਕਸੀਨ 12 ਤੋਂ 15 ਸਾਲ ਉਮਰ ਵਰਗ ਦੇ ਬੱਚਿਆਂ ਵਿੱਚ ਕੋਵਿਡ-19 ਦੀ ਰੋਕਥਾਮ ਲਈ ਪੂਰੀ ਤਰ੍ਹਾਂ ਕਾਰਗਰ ਹੈ।

# ਟੀਚਰਜ਼ ਯੂਨੀਅਨਾਂ ਉੱਤੇ ਹਮਲਾ ਕਰਨ ਵਾਲੇ ਇਸ਼ਤਿਹਾਰ ਛਪਵਾਉਣ ਦੀ ਜਾਂਚ ਕਰ ਰਹੀ ਹੈ ਆਰਸੀਐਮਪੀ

ਓਨਟਾਰੀਓ, 4 ਮਈ (ਪੋਸਟ ਬਿਊਰੋ) : ਆਰਸੀਐਮਪੀ ਵੱਲੋਂ ਓਨਟਾਰੀਓ ਦੇ ਅਜਿਹੇ ਗਰੁੱਪ ਦੀ ਜਾਂਚ ਕੀਤੀ ਜਾ ਰਹੀ ਹੈ ਜਿਹੜਾ ਅਖਬਾਰਾਂ ਵਿੱਚ ਇਸ਼ਤਿਹਾਰ ਦੇ ਕੇ ਟੀਚਰਜ਼ ਯੂਨੀਅਨਾਂ ਦੀ ਨਿਖੇਧੀ ਕਰ ਰਿਹਾ ਹੈ। ਪ੍ਰੋਵਿੰਸ਼ੀਅਲ ਇਲੈਕਸ਼ਨਜ਼ ਵਾਚਡੌਗ ਵੱਲੋਂ ਇਸ ਨੂੰ ਵਿੱਤੀ ਨਿਯਮਾਂ ਦੀ ਉਲੰਘਣਾ ਕਰਦਿਆਂ ਵੀ ਪਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਉਹ ਇਸ ਮਾਮਲੇ ਦੀ ਜਾਂਚ ਕਰ ਰਹੇ ਹਨ ਪਰ ਉਨ੍ਹਾਂ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਮਾਮਲੇ ਦੀ ਜਾਂਚ ਅਜੇ ਚੱਲ ਰਹੀ ਹੈ। ਪਿਛਲੇ ਸਿਆਲਾਂ ਵਿੱਚ ਪੂਰੇ ਪੰਨੇ ਦੀ ਛਪੀ ਐਡਵਰਟੀਜ਼ਮੈਂਟ ਵਿੱਚ ਟੀਚਰਜ਼ ਯੂਨੀਅਨ ਦੇ ਆਗੂਆਂ ਉੱਤੇ ਦੋਸ਼ ਲਾਇਆ ਗਿਆ ਕਿ ਉਹ ਆਪਣੇ ਕਾਂਟਰੈਕਟ ਸਬੰਧੀ ਗੱਲਬਾਤ ਲਈ




ਬੱਚਿਆਂ ਨੂੰ ਮੋਹਰਾ ਬਣਾ ਕੇ ਵਰਤ ਰਹੇ ਹਨ ਦੇ ਇਸੇ ਕਰਕੇ ਰੋਟੇਸ਼ਨ ਵਿੱਚ ਹੜਤਾਲ ਚੱਲ ਰਹੀ ਹੈ।

ਇਲੈਕਸ਼ਨ ਓਨਟਾਰੀਓ ਤੋਂ ਪ੍ਰੋਵਿੰਸ਼ੀਅਲ ਐਨਡੀਪੀ ਨੇ ਪਿਛਲੇ ਸਾਲ ਇਨ੍ਹਾਂ ਇਸ਼ਤਿਹਾਰਾਂ ਦੀ ਜਾਂਚ ਕਰਨ ਦੀ ਮੰਗ ਕੀਤੀ। ਬਾਅਦ ਵਿੱਚ ਇਲੈਕਸ਼ਨਜ਼ ਵਾਚਡੌਗ ਨੂੰ ਪਤਾ ਲੱਗਿਆ ਕਿ ਇਨ੍ਹਾਂ ਇਸ਼ਤਿਹਾਰਾਂ ਪਿੱਛੇ ਵਾਅਨ ਵਰਕਿੰਗ ਫੈਮਿਲੀਜ਼ ਨਾਂ ਦਾ ਗਰੁੱਪ ਸੀ ਜਿਸਨੇ ਤੀਜੀ ਪਾਰਟੀ ਵਜੋਂ ਰਜਿਸਟਰ ਹੋਣ ਵਿੱਚ ਅਸਫਲ ਰਹਿਣ ਉੱਤੇ ਇਲੈਕਸ਼ਨ ਫਾਇਨਾਂਸਿਜ਼ ਐਕਟ ਵਿੱਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਸੀ।

ਐਨਡੀਪੀ ਦੇ ਐਥਿਕਸ ਕ੍ਰਿਟਿਕ ਤਾਰਸ ਨੇਤੀਸ਼ੈਕ ਨੇ ਇਲੈਕਸ਼ਨ ਓਨਟਾਰੀਓ ਕੋਲ ਇਹ ਤਰਕ ਰੱਖਿਆ ਕਿ ਇਨ੍ਹਾਂ ਇਸ਼ਤਿਹਾਰਾਂ ਵਿੱਚ ਖਰਚਿਆਂ ਸਬੰਧੀ ਨਿਯਮਾਂ ਦੀ ਉਲੰਘਣਾ ਹੋਈ ਹੈ ਕਿਉਂਕਿ ਇਹ ਉਸ ਸਮੇਂ ਛਪਵਾਈਆਂ ਗਈਆਂ ਜਦੋਂ ਦੋ ਜ਼ਿਮਨੀ ਚੋਣਾਂ ਹੋ ਰਹੀਆਂ ਸਨ। ਇਹ ਵੀ ਆਖਿਆ ਗਿਆ ਕਿ ਇਸ ਨਾਲ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੂੰ ਫਾਇਦਾ ਹੋਇਆ ਹੋ ਸਕਦਾ ਹੈ।

ਐਨਡੀਪੀ ਨੇ ਮੰਗਲਵਾਰ ਨੂੰ ਪ੍ਰੀਮੀਅਰ ਤੇ ਸਿੱਖਿਆ ਮੰਤਰੀ ਨੂੰ ਇਸ ਮਾਮਲੇ ਦੀ ਜਾਂਚ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਤੇ ਆਖਿਆ ਕਿ ਇਹ ਦੱਸਿਆ ਜਾਵੇ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਬਾਰੇ ਕੀ ਜਾਣਦੇ ਸਨ।

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

# ਮੈਕਸਿਕੋ ਸਿਟੀ ਵਿੱਚ ਮੈਟਰੋ ਓਵਰਪਾਸ ਢਹਿਣ ਕਾਰਨ ਸਬਵੇਅ ਕਾਰ ਸੜਕ ਉੱਤੇ ਡਿੱਗੀ, 23 ਹਲਾਕ

ਮੈਕਸਿਕੋ ਸਿਟੀ, 4 ਮਈ (ਪੋਸਟ ਬਿਊਰੋ) : ਸੋਮਵਾਰ ਦੇਰ ਰਾਤ ਨੂੰ ਮੈਕਸਿਕੋ ਸਿਟੀ ਮੈਟਰੋ ਦੇ ਵਧੇ ਹੋਏ ਸੈਕਸ਼ਨ ਦੇ ਢਹਿ ਜਾਣ ਕਾਰਨ ਸਬਵੇਅ ਕਾਰ ਭੀੜ ਭਾੜ ਵਾਲੇ ਬੋਲੀਵੀਆਰਡ ਉੱਤੇ ਜਾ ਡਿੱਗੀ, ਜਿਸ ਕਾਰਨ 23 ਵਿਅਕਤੀਆਂ ਦੀ ਮੌਤ ਹੋ ਗਈ ਤੇ 70 ਦੇ ਨੇੜੇ ਤੇੜੇ ਲੋਕ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਸਿਟੀ ਦੇ ਅਧਿਕਾਰੀਆਂ ਨੇ ਦਿੱਤੀ।

ਕਈ ਘੰਟਿਆਂ ਤੱਕ ਇਹ ਕਾਰ ਓਵਰਪਾਸ ਨਾਲ ਲਟਕਦੀ ਰਹੀ ਅਤੇ ਲੋਕਾਂ ਨੂੰ ਬਚਾਉਣ ਦਾ ਕੰਮ ਵੀ ਲੰਮਾਂ ਸਮਾਂ ਚੱਲਦਾ ਰਿਹਾ। ਪਰ ਮੰਗਲਵਾਰ ਸਵੇਰੇ ਸੁਰੱਖਿਆ ਕਾਰਨਾਂ ਨੂੰ ਵੇਖਦਿਆਂ ਹੋਇਆਂ ਬਚਾਅ ਕਾਰਜਾਂ ਨੂੰ ਮੁਲਤਵੀ ਕਰ ਦਿੱਤਾ ਗਿਆ। ਫਿਰ ਇੱਕ ਕ੍ਰੇਨ ਦੀ ਮਦਦ ਨਾਲ ਉਸ ਕਾਰ ਨੂੰ ਹੇਠਾਂ ਉਤਾਰਿਆ ਗਿਆ। ਮੇਅਰ ਕਲੌਡੀਆ ਸ਼ੇਨਬਾਮ ਨੇ ਆਖਿਆ ਕਿ ਸੰਭਾਵੀ ਤੌਰ ਉੱਤੇ ਇਹ ਸਿਟੀ ਦੇ ਸਬਵੇਅ ਸਿਸਟਮ ਨਾਲ ਜੁੜਿਆ ਸੱਭ ਤੋ ਘਾਤਕ



ਹਾਦਸਾ ਹੈ। ਇਹ ਸਬਵੇਅ ਸਿਸਟਮ ਦੁਨੀਆ ਵਿੱਚ ਸੱਭ ਤੋਂ ਵੱਧ ਰੁਝੇਵਿਆਂ ਭਰਿਆ ਸਿਸਟਮ ਹੈ।

ਸ਼ੇਨਬਾਮ ਨੇ ਆਖਿਆ ਕਿ 49 ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਤੇ ਸੱਤ ਦੀ ਹਾਲਤ ਕਾਫੀ ਨਾਜ਼ੁਕ ਹੈ ਤੇ ਉਨ੍ਹਾਂ ਦੀ ਸਰਜਰੀ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਮਰਨ ਵਾਲਿਆਂ ਵਿੱਚ ਬੱਚੇ ਵੀ ਸ਼ਾਮਲ ਹਨ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਹਾਦਸੇ ਵਿੱਚ ਕਿੰਨੇ ਬੱਚੇ ਮਾਰੇ ਗਏ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਐਜੈਕਸ ਵਿੱਚ ਦਿਨ ਦਿਹਾੜੇ ਚੱਲੀ ਗੋਲੀ, ਦੋ ਜ਼ਖ਼ਮੀ



ਦਰਹਾਮ, 4 ਮਈ (ਪੋਸਟ ਬਿਊਰੋ) : ਐਜੈਕਸ ਵਿੱਚ ਦਿਨ ਦਿਹਾੜੇ ਚੱਲੀਆਂ ਗੋਲੀਆਂ ਕਾਰਨ ਦੋ ਵਿਅਕਤੀ ਜ਼ਖ਼ਮੀ ਹੋ ਗਏ। ਇਸ ਦੌਰਾਨ ਮਸ਼ਰੂਫ ਰੋਡਵੇਅ ਉੱਤੇ 40 ਦੇ ਨੇੜੇ ਤੇੜੇ ਗੋਲੀਆਂ ਚਲਾਈਆਂ ਗਈਆਂ।

ਇਹ ਸ਼ੂਟਿੰਗ ਬੁੱਧਵਾਰ ਦੁਪਹਿਰ ਨੂੰ ਕਿੰਗਸਟਨ ਰੋਡ ਤੇ ਹਾਰਵੁੱਡ ਉੱਤੇ ਵਾਪਰੀ। ਇਸ ਘਟਨਾ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ ਜਿਸ ਵਿੱਚ ਨਜ਼ਰ ਆ ਰਿਹਾ ਹੈ ਕਿ ਇੱਕ ਕਾਲੇ ਰੰਗ ਦੀ ਕਾਰ ਵਿੱਚੋਂ ਦੋ ਮਸ਼ਕੂਕ ਬਾਹਰ ਨਿਕਲੇ ਤੇ ਇੱਕ ਚਿੱਟੇ ਰੰਗ ਦੀ ਕਾਰ ਪਿੱਛੇ ਭੱਜਦਿਆਂ ਹੋਇਆਂ ਉਨ੍ਹਾਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਆਖਿਰਕਾਰ ਉਹ ਚਿੱਟੇ ਰੰਗ ਦੀ ਕਾਰ ਇੱਕ ਰੈਸਟੋਰੈਂਟ ਦੇ ਬਾਹਰ ਜਾ ਕੇ ਰੁਕੀ ਤੇ ਉਹ ਗੋਲੀਆਂ ਨਾਲ ਛਲਣੀ ਹੋਈ ਪਈ ਸੀ। ਉਸ ਵਿੱਚੋਂ ਗੰਭੀਰ ਜ਼ਖ਼ਮੀ ਹਾਲਤ ਵਿੱਚ ਇੱਕ ਪੁਰਸ਼ ਤੇ ਮਹਿਲਾ ਨੂੰ ਕੱਢ ਕੇ ਟਰੌਮਾ ਸੈਂਟਰ ਲਿਜਾਇਆ ਗਿਆ।

ਇਹ ਵੀ ਪਤਾ ਲੱਗਿਆ ਹੈ ਕਿ ਚਿੱਟੇ ਰੰਗ ਦੀ ਕਾਰ ਵਿੱਚੋਂ ਵੀ ਘੱਟੋ ਘੱਟ ਇੱਕ ਵਿਅਕਤੀ ਨੇ ਗੋਲੀ ਚਲਾ ਕੇ ਹਮਲੇ ਦਾ ਜਵਾਬ ਦਿੱਤਾ। ਦਰਹਾਮ ਪੁਲਿਸ ਕਾਂਸਟੇਬਲ ਕ੍ਰਿਸਟਲ ਫਿਟਜ਼ਗੇਰਾਲਡ ਨੇ ਦੱਸਿਆ ਕਿ ਉਸ ਨੂੰ ਵੀ ਇਹ ਪਤਾ ਨਹੀਂ ਲੱਗ ਸਕਿਆ ਕਿ ਉਹ ਕਾਰ ਦੇ ਅੰਦਰੋਂ ਹੀ ਜਵਾਬੀ ਕਾਰਵਾਈ ਕਰ ਰਹੇ ਸਨ ਜਾਂ ਕਾਰ ਦੇ ਬਾਹਰੋਂ ਗੋਲੀਆਂ ਦਾ ਜਵਾਬ ਦੇ ਰਹੇ ਸਨ। ਉਨ੍ਹਾਂ ਆਖਿਆ ਕਿ ਇਹ ਤਾਂ ਜਾਂਚ ਵਿੱਚ ਹੀ ਸਾਹਮਣੇ ਆਵੇਗਾ ਕਿ ਸੱਭ ਕੁੱਝ ਕਿਵੇਂ ਵਾਪਰਿਆ।

ਹਾਦਸੇ ਵਿੱਚ ਜ਼ਖ਼ਮੀ ਵਿਅਕਤੀਆਂ ਨੂੰ ਹਥਿਆਰਾਂ ਨਾਲ ਸਬੰਧਤ ਜੁਰਮਾਂ ਵਿੱਚ ਚਾਰਜ ਕੀਤਾ ਗਿਆ ਹੈ ਤੇ ਹਸਪਤਾਲ ਛੱਡਣ ਸਮੇਂ ਗ੍ਰਿਫਤਾਰ ਕੀਤੇ ਜਾਣ ਮੌਕੇ ਕਥਿਤ ਤੌਰ ਉੱਤੇ ਪੁਲਿਸ ਉੱਤੇ ਹਮਲਾ ਕਰਨ ਵਾਲੇ ਪੁਰਸ਼ ਉੱਤੇ ਵਾਧੂ ਚਾਰਜਿਜ਼ ਲਾਏ ਗਏ ਹਨ। ਉਹ ਭੱਜ ਕੇ ਕਿਸੇ ਅਜਨਬੀ ਦੇ ਘਰ ਲੁਕ ਗਿਆ ਪਰ ਬਾਅਦ ਵਿੱਚ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਸ ਸਾਰੇ ਮਾਮਲੇ ਵਿੱਚ ਕਿਸੇ ਹੋਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

# 2021-2022 ਸਕੂਲ ਵਰ੍ਹੇ ਦੌਰਾਨ ਓਨਟਾਰੀਓ ਦੇ ਸਕੂਲ ਕਰਵਾਉਣਗੇ ਆਨਲਾਈਨ ਲਰਨਿੰਗ

ਓਨਟਾਰੀਓ, 4 ਮਈ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ 2021-2022 ਦੇ ਜਾਰੀ ਕੀਤੇ ਗਏ ਐਜੂਕੇਸ਼ਨ ਫੰਡਿੰਗ ਪਲੈਨ ਦੇ ਵੇਰਵੇ ਅਨੁਸਾਰ ਕੋਵਿਡ-19 ਅਸੈਟਸ, ਸਟਾਫ ਤੇ ਮਾਨਸਿਕ ਸਿਹਤ ਪੇਸ਼ਕਦਮੀਆਂ ਵਿੱਚ ਸੁਧਾਰ ਕਰਨ ਲਈ 2 ਬਿਲੀਅਨ ਡਾਲਰ ਖਰਚ ਕੀਤਾ ਜਾਵੇਗਾ।

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਹੁਣ ਜਦੋਂ ਅਸੀਂ ਗਰਮੀਆਂ ਦੇ ਮਹੀਨੇ ਸ਼ੁਰੂ ਹੋ ਚੁੱਕੇ ਹਨ ਤੇ ਹੌਲੀ ਹੌਲੀ ਨਵੇਂ ਸਾਲ ਵਿੱਚ ਵੀ ਅੱਗੇ ਵੱਧ ਰਹੇ ਹਾਂ ਅਜਿਹੇ ਵਿੱਚ ਸਰਕਾਰ ਆਪਣੇ ਸਟਾਫ ਅਤੇ ਵਿਦਿਆਰਥੀਆਂ ਦੀ ਹਿਫਾਜ਼ਤ ਕਰਨ ਲਈ ਵਚਨਬੱਧ ਹੈ। ਲਿਚੇ ਨੇ ਆਖਿਆ ਕਿ ਸਰਕਾਰ ਇੱਕ ਸਾਲ ਲਈ ਹੋਰ ਆਰਜ਼ੀ ਤੌਰ ਉੱਤੇ ਕੋਵਿਡ-19 ਮਦਦ ਦੇਵੇਗੀ ਜੋ ਕਿ 1.6 ਬਿਲੀਅਨ ਡਾਲਰ ਦੀ ਹੋਵੇਗੀ।

ਉਨ੍ਹਾਂ ਇਹ ਵੀ ਆਖਿਆ ਕਿ ਓਨਟਾਰੀਓ ਭਰ ਦੇ ਸਕੂਲ ਬੋਰਡਜ਼ ਨੂੰ 2021-22 ਸਕੂਲ ਵਰ੍ਹੇ ਲਈ ਵਿਦਿਆਰਥੀਆਂ ਤੇ ਸਟਾਫ ਨੂੰ ਵਰਚੂਅਲ ਲਰਨਿੰਗ ਲਾਜ਼ਮੀ ਕਰਨ ਲਈ ਆਖਿਆ ਜਾਵੇਗਾ। ਕੁੱਝ ਪ੍ਰੋਵਿੰਸ਼ੀਅਲ ਸਕੂਲ ਬੋਰਡਜ਼, ਜਿਨ੍ਹਾਂ ਵਿੱਚ ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਤੇ ਵਾਟਰਲੂ ਰੀਜਨ ਡਿਸਟ੍ਰਿਕਟ ਸਕੂਲ ਬੋਰਡ ਸ਼ਾਮਲ ਹਨ, ਵੱਲੋਂ ਅਗਲੇ ਸਾਲ ਰਿਮੋਟ ਤੇ ਵਰਚੂਅਲ ਲਰਨਿੰਗ ਦੀ ਯੋਜਨਾ ਦਾ ਖੁਲਾਸਾ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ।

ਪ੍ਰੋਵਿੰਸ ਦਾ ਕਹਿਣਾ ਹੈ ਕਿ ਵਰਚੂਅਲ ਲਰਨਿੰਗ ਵਾਲਾ ਬਦਲ ਪਹਿਲਾਂ ਹੀ ਮੌਜੂਦ ਹੈ ਤੇ ਆਉਣ ਵਾਲੇ ਮਹੀਨਿਆਂ ਵਿੱਚ ਮਾਪਿਆਂ ਨੂੰ ਇਸ ਬਾਰੇ ਹੋਰ ਜਾਣਕਾਰੀ ਦਿੱਤੀ ਜਾਵੇਗੀ। ਲਿਚੇ ਨੇ ਇਹ ਵੀ ਆਖਿਆ ਕਿ ਓਨਟਾਰੀਓ ਦੇ ਇਤਿਹਾਸ ਵਿੱਚ ਸਾਡੀ ਸਰਕਾਰ ਹੀ ਅਜਿਹੀ ਹੈ ਜਿਸ ਵੱਲੋਂ ਕਿਸੇ ਵੀ ਸਰਕਾਰ ਨਾਲੋਂ ਜ਼ਿਆਦਾ ਪਬਲਿਕ ਐਜੂਕੇਸ਼ਨ ਵਿੱਚ ਨਿਵੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਨਵੀਂ



ਫੰਡਿੰਗ ਵਿੱਚ 29.4 ਮਿਲੀਅਨ ਡਾਲਰ ਵੈਂਟੀਲੇਸ਼ਨ ਸਿਸਟਮਜ਼, 20 ਮਿਲੀਅਨ ਡਾਲਰ ਲਰਨਿੰਗ ਰਿਕਵਰੀ ਤੇ ਮੁੜ ਨੰਵਿਆਉਣ, 383.6 ਮਿਲੀਅਨ ਸਟਾਫਿੰਗ ਲਈ ਤੇ ਦੋ ਸਾਲਾਂ ਦੇ ਅਰਸੇ ਦੌਰਾਨ ਰਿਮੋਟ ਲਰਨਿੰਗ ਲਈ 40•0 ਮਿਲੀਅਨ ਡਾਲਰ ਰੱਖੇ ਜਾਣਗੇ।

ਲਿਚੇ ਨੇ ਆਖਿਆ ਕਿ ਬਜਟ ਦਾ ਵੱਡਾ ਹਿੱਸਾ ਪਰਸਨਲ ਪ੍ਰੋਟੈਕਟਿਵ ਇਕਿਊਪਮੈਂਟ (ਪੀਪੀਈ) ਉੱਤੇ ਖਰਚਿਆ ਜਾਵੇਗਾ ਜੋ ਕਿ 450 ਮਿਲੀਅਨ ਡਾਲਰ ਹੋਵੇਗਾ।

ਜਿਨ੍ਹਾਂ ਹੋਰ ਥਾਂਵਾਂ ਉੱਤੇ ਨਿਵੇਸ਼ ਕੀਤਾ ਜਾਵੇਗਾ :

- ਪਬਲਿਕ ਹੈਲਥ ਯੂਨਿਟਸ ਤੇ ਏਸਿੰਪਟੋਮੈਟਿਕ ਟੈਸਟਿੰਗ ਵਿੱਚ ਪਬਲਿਕ ਹੈਲਥ ਨਰਸਾਂ ਲਈ 86 ਮਿਲੀਅਨ ਡਾਲਰ
- ਟਰਾਂਸਪੋਰਟੇਸ਼ਨ ਲਈ 65.5 ਮਿਲੀਅਨ ਡਾਲਰ
- ਸਪੈਸ਼ਲ ਐਜੂਕੇਸ਼ਨ, ਮੈਂਟਲ ਹੈਲਥ ਤੇ ਵੈੱਲ ਬੀਂਗ ਲਈ 59 ਮਿਲੀਅਨ ਡਾਲਰ
- ਟੈਕਨਾਲੋਜੀ ਲਈ 15 ਮਿਲੀਅਨ ਡਾਲਰ
- ਵਿਦਿਆਰਥੀਆਂ ਦੇ ਰੀਐਂਗੇਜਮੈਂਟ ਪਲੈਨਜ਼, ਜਿਨ੍ਹਾਂ ਵਿੱਚ ਬਲੈਕ ਵਿਦਿਆਰਥੀਆਂ, ਮੂਲਵਾਸੀ ਵਿਦਿਆਰਥੀਆਂ ਤੇ ਘੱਟ ਆਮਦਨ ਵਾਲੇ ਘਰਾਂ ਦੇ ਵਿਦਿਆਰਥੀਆਂ-ਜਿਨ੍ਹਾਂ ਉੱਤੇ ਕੋਵਿਡ-19 ਨੇ ਬੜੀ ਬੇਤਰਤੀਬੀ ਮਾਰ ਮਾਰੀ ਹੈ, ਦੀ ਮਦਦ ਲਈ ਸਕੂਲ ਬੋਰਡਜ਼ ਨੂੰ 20 ਮਿਲੀਅਨ ਡਾਲਰ ਦਿੱਤੇ ਜਾਣਗੇ।

# ਟਰੱਕ ਵੱਲੋਂ ਟੱਕਰ ਮਾਰੇ ਜਾਣ ਕਾਰਨ 5 ਸਾਲਾ ਬੱਚੇ ਦੀ ਹੋਈ ਮੌਤ

ਮਿਸੀਸਾਗਾ, 4 ਮਈ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਪੰਜ ਸਾਲਾ ਬੱਚੇ ਦੀ ਮੌਤ ਹੋ ਗਈ।



ਪੁਲਿਸ ਨੇ ਦੱਸਿਆ ਕਿ ਇਹ ਬੱਚਾ ਆਪਣੇ ਪਿਤਾ ਨਾਲ ਆਪਣੀ ਬਾਈਕ ਉੱਤੇ ਜਾ ਰਿਹਾ ਸੀ ਜਦੋਂ ਸ਼ਾਮੀਂ 5:30 ਵਜੇ ਹੁਰੌਨਤਾਰੀਓ ਤੇ ਐਲਮ ਡਰਾਈਵ ਨੇੜੇ ਸੜਕ ਕਰੌਸ ਕਰਦੇ ਸਮੇਂ ਇਹ ਹਾਦਸਾ ਵਾਪਰਿਆ। ਉੱਤਰ ਵੱਲੋਂ ਜਾ ਰਹੇ ਇੱਕ ਟਰੱਕ ਵੱਲੋਂ ਬਾਈਕ ਨੂੰ ਟੱਕਰ ਮਾਰ ਦਿੱਤੀ ਗਈ ਤੇ ਥੋੜ੍ਹੀ ਦੂਰੀ ਤੱਕ ਬਾਈਕ ਟਰੱਕ ਨਾਲ ਘਿਸਟਦੀ ਵੀ ਗਈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੱਚੇ ਨੂੰ ਨਾਜ਼ੁਕ ਹਾਲਤ ਵਿੱਚ ਫੌਰਨ ਹਸਪਤਾਲ ਲਿਜਾਇਆ ਗਿਆ। ਪਰ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ।

ਪੁਲਿਸ ਨੇ ਦੱਸਿਆ ਕਿ ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ ਤੇ ਜਾਂਚਕਾਰਾਂ ਨਾਲ ਸਹਿਯੋਗ ਕਰ ਰਿਹਾ ਹੈ। ਅਗਲੇਰੀ ਜਾਂਚ ਲਈ ਬਰਨਹੈਮਥੌਰਪ ਰੋਡ ਤੇ ਸੈਂਟਰਲ ਪਾਰਕਵੇਅ ਡਰਾਈਵ ਦਰਮਿਆਨ ਹੁਰੌਨਤਾਰੀਓ ਸਟਰੀਟ ਨੂੰ ਬੰਦ ਕਰ ਦਿੱਤਾ ਗਿਆ ਹੈ।

## ਜਲਦ ਹੀ ਦੇਸ਼ ਤੋਂ ਬਾਹਰ ਟਰੈਵਲ ਕਰ ਸਕਣਗੇ ਕੈਨੇਡੀਅਨ : ਟਰੂਡੋ

...ਪੰਨਾ 1 ਦਾ ਬਾਕੀ

ਪਰ ਆਖਿਰਕਾਰ ਇਹ ਤੈਅ ਕਰਨਾ ਹਰੇਕ ਦੇਸ਼ ਉੱਤੇ ਨਿਰਭਰ ਕਰਦਾ ਹੈ ਕਿ ਉਹ ਆਉਣ ਵਾਲੇ ਟਰੈਵਲਰਜ਼ ਤੋਂ ਕੀ ਉਮੀਦ ਕਰਦੇ ਹਨ। ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੌਇਸ ਬਲਾਂਸ਼ੇ ਨੇ ਆਖਿਆ ਕਿ ਉਹ ਇੰਟਰਨੈਸ਼ਨਲ ਟਰੈਵਲ ਲਈ ਵੈਕਸੀਨ ਪਾਸਪੋਰਟ ਦੇ ਆਈਡੀਆ ਦਾ ਸਮਰਥਨ ਕਰਦੇ ਹਨ। ਪਰ ਅਮਰੀਕਾ ਹੋਰਨਾਂ ਦੇਸ਼ਾਂ ਵਾਂਗ ਇਸ ਤਰ੍ਹਾਂ ਦੇ ਦਸਤਾਵੇਜ਼ਾਂ ਵਿੱਚ ਦਿਲਚਸਪੀ ਲੈਂਦਾ ਨਜ਼ਰ ਨਹੀਂ ਆ ਰਿਹਾ। ਵੈਕਸੀਨੇਸ਼ਨ ਕਰਵਾਏ ਹੋਣ ਦਾ ਸਬੂਤ ਕਿਸੇ ਰੂਪ ਵਿੱਚ ਮੁਹੱਈਆ ਕਰਵਾਏ ਜਾਣ ਦੇ ਮੁੱਦੇ ਉੱਤੇ ਦੇਸ਼ ਭਰ ਦੇ ਸਾਰੇ ਪ੍ਰੋਵਿੰਸਾਂ ਵਿੱਚ ਗੱਲਬਾਤ ਕਦੋਂ ਤੋਂ ਚੱਲ ਰਹੀ ਹੈ। ਅਪਰੈਲ ਦੇ ਮਹੀਨੇ ਕਰਵਾਏ ਗਏ ਇੱਕ ਆਨਲਾਈਲ ਸਰਵੇਖਣ ਤੋਂ ਵੀ ਇਹ ਸਾਹਮਣੇ ਆਇਆ ਸੀ ਕਿ ਵੈਕਸੀਨ ਪਾਸਪੋਰਟ ਦੇ ਮਾਮਲੇ ਵਿੱਚ ਕੈਨੇਡੀਅਨਜ਼ ਤੇ ਅਮੈਰੀਕਨਜ਼ ਦੀ ਸੋਚ ਵਿੱਚ ਕਾਫੀ ਪਾੜਾ ਹੈ।

# ਆਸਟਰੇਲੀਆ ਦੇ ਮੈਡੀਕਲ ਭਾਈਚਾਰੇ ਨੇ ਭਾਰਤ ਤੋਂ ਆਉਂਦੇ ਲੋਕਾਂ ਨੂੰ ਰੋਕਣ ਵਿਰੁੱਧ ਮੋਰਚਾ ਮੱਲਿਆ

* ਪਾਬੰਦੀ ਵਾਲੇ ਆਦੇਸ਼ ਵਾਪਸ ਲੈਣ ਦੀ ਅਪੀਲ

ਮੈਲਬੌਰਨ, 4 ਮਈ, (ਪੋਸਟ ਬਿਊਰੋ)- ਆਸਟਰੇਲੀਆ ਦੀ ਭਾਰਤੀ ਮੈਡੀਕਲ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਤੇ ਸਿਹਤ ਮੰਤਰੀ ਗ੍ਰੇਟ ਹੰਟ ਨੂੰਅਪੀਲ ਕੀਤੀ ਹੈ ਕਿ ਭਾਰਤ ਤੋਂ ਆਪਣੇ ਦੇਸ਼ਮੁੜਨ ਦੀ ਕੋਸ਼ਿਸ਼ ਕਰਨ ਵਾਲੇ ਇਸ ਦੇਸ਼ ਦੇ ਨਾਗਰਿਕਾਂ ਨੂੰ ਜੇਲ੍ਹ ਦੀ ਸਜ਼ਾ ਅਤੇ ਉਨ੍ਹਾਂ ਉੱਤੇ ਜੁਰਮਾਨਾ ਲਾਉਣ ਦਾ ਆਦੇਸ਼ ਵਾਪਸ ਲੈਣ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਆਦੇਸ਼ ਨਾਲ ਆਸਟਰੇਲੀਆਈ ਭਾਈਚਾਰੇ ਵਿਚ ਸੰਕਟ ਪੈਦਾ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਆਸਟਰੇਲੀਆ ਦੀ ਸਰਕਾਰ ਨੇ ਇਤਿਹਾਸ ਵਿਚ ਪਹਿਲੀ ਵਾਰ ਪਿਛਲੇ ਦਿਨੀਂਆਪਣੇ ਦੇਸ਼ ਪਰਤਣ ਤੋਂ ਪਹਿਲਾਂ ਭਾਰਤ ਵਿਚ 14 ਦਿਨ ਬਿਤਾ ਚੁੱਕੇ ਆਪਣੇ ਨਾਗਰਿਕਾਂ ਦੇ ਆਉਣ ਦੀ ਪਾਬੰਦੀ ਲਾਈ ਹੈ ਤੇਉਨ੍ਹਾਂ ਨੂੰ 5 ਸਾਲ ਜੇਲ੍ਹ ਦੀ ਸਜ਼ਾ ਜਾਂ 50,899 ਅਮਰੀਕੀ ਡਾਲਰ ਜਿੱਡਾ ਜੁਰਮਾਨਾ ਲਾਉਣ ਦੀ ਚਿਤਾਵਨੀ ਦਿੱਤੀ ਹੈ। ਇਸ ਬਾਰੇ ਆਸਟ੍ਰੇਲੀਅਨ ਮੈਡੀਕਲ ਐਸੋਸੀਏਸ਼ਨ (ਏ ਐੱਮ ਏ) ਦੇ ਪ੍ਰਧਾਨ ਉਮਰ ਖੁਰਸ਼ੀਦ ਨੇ ਕਿਹਾ ਕਿ ਭਾਰਤ ਤੋਂ ਆਉਣ ਵਾਲੇ ਜਹਾਜ਼ਾਂ ਉੱਤੇ ਰੋਕ ਲਾਉਣ ਦੇ ਫ਼ੈਸਲੇ ਵਿਚ ਸਾਡੀ ਐਸੋਸੀਏਸ਼ਨ ਨੇ ਸਹਿਯੋਗ ਦਿੱਤਾ ਸੀ ਤਾਂ ਜੋ ਦੇਸ਼ ਵਿੱਚ ਵਧਦੇ ਖਤਰੇ ਲਈ ਦੇਸ਼ ਵਿਚ ਹੋਟਲਾਂਵਿਚ ਕੁਆਰੰਟੀਨ ਦਾ ਪ੍ਰਬੰਧ ਕੀਤਾ ਜਾ ਸਕੇ। ਸਰਕਾਰ ਨੂੰ ਭਾਰਤ ਤੋਂ ਮੁੜਦੇ ਆਸਟਰੇਲੀਆਈ ਨਾਗਰਿਕਾਂ ਦੇ ਇਨਫੈਕਟਿਡ ਹੋਣ ਦਾ ਖਤਰਾ ਦਿੱਸਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਸਜ਼ਾਵਾਂ ਦੇਣ ਦੇ ਐਲਾਨ ਨੇ ਸਾਡੇ ਭਾਈਚਾਰੇ ਵਿਚ ਸੰਕਟ ਪੈਦਾ ਕੀਤਾ ਹੈ ਅਤੇ ਭਾਰਤੀ ਮੈਡੀਕਲ ਭਾਈਚਾਰੇ ਦੇ ਮੈਂਬਰ ਸਭ ਤੋਂ ਵੱਧ ਚਿੰਤਤ ਹਨ, ਕਿਉਂਕਿ ਉਹ ਪਹਿਲਾਂ ਹੀ ਭਾਰਤ ਵਿਚ ਆਪਣੇ ਦੋਸਤਾਂ ਅਤੇ ਪਰਿਵਾਰਾਂ ਦੇ ਕੋਰੋਨਾ ਦੀ ਲਪੇਟ ਵਿੱਚ ਆਉਣ ਦਾ ਖਤਰਾ ਮਹਿਸੂਸ ਕਰਦੇ ਹਨ। ਉਨ੍ਹਾਂਕਿਹਾ, ਸਾਡੀ ਨਜ਼ਰ ਵਿਚ ਸਰਕਾਰ ਨੂੰ ਲੋੜ ਵੇਲੇ ਭਾਰਤ ਵਿਚ ਪਰੇਸ਼ਾਨੀ ਵਿਚ ਫਸੇ ਆਸਟਰੇਲੀਆਈ ਨਾਗਰਿਕਾਂ ਨੂੰ ਵਾਪਸ ਲਿਆਉਣ ਦੇ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।’ ਸਰਕਾਰ ਦੇ ਕਦਮ ਨੂੰ ਭਾਰਤੀ-ਆਸਟਰੇਲੀਆਈ ਜਾਂ ਭਾਰਤ ਵਿਚ ਰਹਿੰਦੇ ਆਸਟਰੇਲੀਆਈ ਲੋਕਾਂ ਲਈ ਝਟਕਾ ਕਹਿ ਕੇ ਖੁਰਸ਼ੀਦ ਨੇ ਕਿਹਾ ਕਿ ਇਸ ਦੇਸ਼ ਵਿੱਚ ਕੁਆਰੰਟੀਨ ਕੇਂਦਰਾਂ ਨੂੰ ਸੁਧਾਰਨ ਦੀ ਪਹਿਲ ਹੋਣੀ ਚਾਹੀਦੀ ਹੈ, ਮੌਜੂਦਾ ਫੈਸਲਾ ਹੈਰਾਨੀ ਤੇ ਦੁੱਖ ਵਾਲਾ ਹੈ।

ਇਸ ਤੋਂ ਪਹਿਲਾਂ ਮਨੁੱਖੀ ਅਧਿਕਾਰ ਕੇਂਦਰ ਨੇ ਵੀ ਸਰਕਾਰ ਦੇ ਇਸ ਫ਼ੈਸਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਉਹ ਇਸ ਪਾਬੰਦੀ ਨੂੰ ਕਾਨੂੰਨੀ ਚੁਣੌਤੀ ਦੇਣ ਬਾਰੇ ਸਰਗਰਮੀ ਨਾਲ ਸੋਚ ਰਿਹਾ ਹੈ।ਇਸ ਕੇਂਦਰ ਦੇ ਕਾਰਜਕਾਰੀ ਡਾਇਰੈਕਟਰ ਹਿਊਜ਼ ਡੀ ਕ੍ਰੇਟਸਰ ਨੇ ਕਿਹਾ, ‘ਭਾਰਤ ਵਿਚ ਫਸੇ ਆਸਟਰੇਲੀਆਈ ਨਾਗਰਿਕਾਂ ਦੀ ਮਦਦ ਕਰਨ ਦੀ ਥਾਂ ਸਰਕਾਰ ਉਨ੍ਹਾਂ ਨੂੰ ਇਕੱਲਾ ਛੱਡ ਰਹੀ ਹੈ ਅਤੇ ਹੋਰ ਤਾਂ ਹੋਰ, ਉਨ੍ਹਾਂ ਨੂੰ ਸਜ਼ਾ ਦੇਣ ਬਾਰੇ ਸੋਚ ਰਹੀ ਹੈ।’

ਪ੍ਰਧਾਨ ਮੰਤਰੀ ਮੌਰੀਸਨ ਨੇ ਆਪਣੇ ਫ਼ੈਸਲੇ ਦਾ ਬਚਾਅ ਕੀਤਾ ਤੇ ਕਿਹਾ ਕਿ ਜਹਾਜ਼ਾਂ ਉੱਤੇ ਪਾਬੰਦੀ ਦੌਰਾਨ ਭਾਰਤ ਤੋਂ ਕਿਸੇ ਤਰ੍ਹਾਂ ਮੁੜਨ ਵਾਲੇਆਸਟਰੇਲੀਆਈ ਨਾਗਰਿਕਾਂ ਨੂੰ ਜੇਲ੍ਹ ਭੇਜਣ ਜਾਂ ਉਨ੍ਹਾਂ ਉੱਤੇ ਜੁਰਮਾਨਾ ਲਾਉਣ ਦੀ ਸੰਭਾਵਨਾ ਨਹੀਂ।ਉਨ੍ਹਾਂ ਕਿਹਾ ਕਿ ਇਹ ਵਕਤੀ ਪ੍ਰਬੰਧ ਤੇ ਬੜਾ ਮੁਸ਼ਕਲ ਫ਼ੈਸਲਾ ਹੈ। ਉਨ੍ਹਾਂ ਕਿਹਾ, ‘ਇਹ ਫੈਸਲਾ ਇਸ ਲਈ ਕੀਤਾ ਹੈ ਕਿ ਆਸਟਰੇਲੀਆ ਵਿਚ ਕੋਰੋਨਾ ਦੀ ਤੀਜੀ ਲਹਿਰ ਨਾ ਆਵੇ ਅਤੇ ਸਾਡਾਕੁਆਰੰਟਾਈਨਸਿਸਟਮ ਮਜ਼ਬੂਤ ਬਣਿਆ ਰਹੇ।’ ਉਨ੍ਹਾਂਕਿਹਾ ਕਿ ਇਹ ਫੈਸਲਾ ਦੇਸ਼ ਦੇ ਵੱਡੇ ਹਿੱਤ ਲਈ ਕੀਤਾ ਹੈ। ਆਸਟਰੇਲੀਆ ਵਿਚ ਭਾਰਤੀ ਭਾਈਚਾਰੇ ਲਈ ਸੰਦੇਸ਼ ਵਿਚ ਪ੍ਰਧਾਨ ਮੰਤਰੀ ਨੇ ਕਿਹਾ ਕਿਭਾਰਤੀ ਭਾਈਚਾਰੇ ਲਈ ਸਾਨੂੰਬੁਰਾ ਲੱਗਦਾ ਹੈ। ਉਨ੍ਹਾਂਕਿਹਾ, ‘ਮੈਂ ਜਾਣਦਾ ਹਾਂ ਕਿ ਇਹ ਸਾਡੇ ਭਾਰਤੀ-ਆਸਟਰੇਲੀਆਈ ਲੋਕਾਂ ਲਈ ਮੁਸ਼ਕਲ ਸਮਾਂ ਹੈ। ਤੁਸੀਂ ਬਹੁਤ ਸਮਝਦਾਰ ਤੇ ਦਿਆਲੂ ਹੋ, ਜਿਨ੍ਹਾਂ ਨੇ ਇਸ ਦੇਸ਼ ਨੂੰ ਸ਼ਾਨਦਾਰ ਯੋਗਦਾਨ ਦਿੱਤਾ ਹੈ। ਅਸੀਂ ਆਪਣੇ ਭਾਰਤੀ ਭਾਈਚਾਰੇ ਦੇ ਧੰਨਵਾਦੀ ਹਾਂ। ਮੈਂ ਜਾਣਦਾ ਹਾਂ ਕਿ ਇਹ ਦੁੱਖ ਦਾ ਸਮਾਂ ਹੈ।’ ਉਨ੍ਹਾਂ ਕਿਹਾ ਕਿ ਮੈਂ ਆਸਟਰੇਲੀਆ ਵਿਚ ਕੋਰੋਨਾ ਦੀ ਤੀਸਰੀ ਲਹਿਰ ਨਹੀਂ ਦੇਖ ਸਕਦਾ, ਭਾਰਤ ਵਿਚ ਕੋਵਿਡ ਮਹਾਮਾਰੀ ਦੀ ਦੂਸਰੀ ਲਹਿਰ ਜਾਰੀ ਹੈ ਤੇ ਰੋਜ਼ ਇਨਫੈਕਸ਼ਨ ਦੇ 3 ਲੱਖ ਤੋਂ ਵੱਧ ਕੇਸ ਆ ਰਹੇ ਹਨ।










## ਅੱਜ ਨਾਮਾ

ਝਿੜਕਾਂ ਪਈਆਂ ਅਦਾਲਤ ਤੋਂ ਕਈ ਵਾਰੀ,
ਹੋਇਆ ਸਿਸਟਮ ਦਾ ਨਹੀਂ ਸੁਧਾਰ ਭਾਈ।
ਮਿਲਦੀ ਲੋੜ ਜੋਗੀ ਹੈ ਨਹੀਂ ਆਕਸੀਜਨ,
ਦਾਅਵੇ ਕਰਦੀ ਹੈ ਬਹੁਤ ਸਰਕਾਰ ਭਾਈ।
ਜਦ ਵੀ ਹੋਣਾ ਅਦਾਲਤ ਵਿੱਚ ਪੇਸ਼ ਹੁੰਦਾ,
ਪੈਂਦੀ ਕਰੜੀ ਹੈ ਬਹੁਤ ਫਿਟਕਾਰ ਭਾਈ।
ਸਿਸਟਮ ਚੱਲਦਾ ਓਦਾਂ ਦੀ ਚਾਲ ਰਹਿੰਦਾ,
ਜ਼ਿੰਦਗੀ ਮੰਨਦੀ, ਮੰਨ ਜਾਏ ਹਾਰ ਭਾਈ।
ਥਿੰਦੇ ਘੜੇ'ਤੇ ਮਾਸਾ ਨਹੀਂ ਅਸਰ ਹੁੰਦਾ,
ਸੌ-ਸੌ ਘੜਾ ਜੇ ਕੋਈ ਪਾਣੀ ਪਾਊ ਭਾਈ।
ਸੁੱਤੀ ਹੁੰਦੀ ਸਰਕਾਰ ਫਿਰ ਜਾਗ ਸਕਦੀ,
ਮਾਰੀ ਘੇਸਲ ਜਿਹੀ ਕੌਣ ਜਗਾਊ ਭਾਈ।

**ਤੀਸ ਮਾਰ ਖਾਂ**

# ਚੋਣ ਕਮਿਸ਼ਨ ਦਾ ਠੋਕਵਾਂ ਜਵਾਬ: ਨੰਦੀਗ੍ਰਾਮ ਵਿੱਚ ਵੋਟਾਂ ਦੀ ਗਿਣਤੀ ਦੁਬਾਰਾ ਨਹੀਂ ਹੋਵੇਗੀ

ਕੋਲਕਾਤਾ, 4 ਮਈ, (ਪੋਸਟ ਬਿਊਰੋ)- ਪੱਛਮੀਬੰਗਾਲ ਦੀ ਨੰਦੀਗ੍ਰਾਮ ਵਿਧਾਨ ਸਭਾ ਸੀਟ ਤੋਂ ਮਮਤਾ ਬੈਨਰਜੀ ਦੀ ਹਾਰ ਪਿੱਛੋਂ ਉਥੇ ਰਿਟਰਨਿੰਗ ਅਫਸਰ ਉੱਤੇ ਦਬਾਅ ਬਾਰੇ ਖ਼ਬਰਾਂ ਦੌਰਾਨ ਉਨ੍ਹਾਂ ਨੂੰ ਚੋਣ ਕਮਿਸ਼ਨ ਦੇ ਕਹਿਣ ਉੱਤੇ ਸੁਰੱਖਿਆ ਦੇ ਦਿੱਤੀ ਗਈ ਹੈ। ਇਸ ਦੇ ਨਾਲ ਕਮਿਸ਼ਨ ਨੇ ਨੰਦੀਗ੍ਰਾਮ ਵਿੱਚ ਭਾਜਪਾ ਆਗੂ ਸੁਵੇਂਦੂ ਅਧਿਕਾਰੀ ਨਾਲ ਫਸਵੇਂ ਮੁਕਾਬਲੇ ਵਿੱਚ ਮਮਤਾ ਦੀ ਹਾਰ ਪਿੱਛੋਂ ਵੋਟਾਂ ਦੀ ਦੁਬਾਰਾ ਗਿਣਤੀ ਦੀ ਤ੍ਰਿਣਮੂਲ ਦੀ ਮੰਗ ਰੱਦ ਕਰ ਕੇ ਕਿਹਾ ਹੈ ਕਿ ਰਿਟਰਨਿੰਗ ਅਫਸਰ ਦਾ ਫ਼ੈਸਲਾ ਆਖ਼ਰੀ ਹੈ ਅਤੇ ਇਸ ਨੂੰ ਸਿਰਫ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ।



ਚੋਣ ਕਮਿਸ਼ਨ ਨੇ ਮੀਡੀਆ ਵਿੱਚ ਆਈਆਂ ਉਨ੍ਹਾਂ ਖ਼ਬਰਾਂ ਨੂੰ ਰੱਦ ਕੀਤਾ ਹੈ ਕਿ ਨੰਦੀਗ੍ਰਾਮ ਵਿੱਚ ਵੋਟਾਂ ਦੀ ਗਿਣਤੀ ਦੁਬਾਰਾ ਹੋਵੇਗੀ। ਕਮਿਸ਼ਨ ਨੇ ਕਿਹਾ ਕਿ ਨੰਦੀਗ੍ਰਾਮ ਦੇ ਰਿਟਰਨਿੰਗ ਅਫਸਰ ਉੱਤੇ ਦਬਾਅ ਬਾਰੇ ਮੀਡੀਆ ਰਿਪੋਰਟਾਂ ਦੇ ਕਾਰਨ ਬੰਗਾਲ ਦੇ ਚੀਫਸੈਕਟਰੀ ਨੂੰ ਤਿੰਨ ਮਈ ਨੂੰ ਹੁਕਮਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਯੋਗ ਸੁਰੱਖਿਆ ਦਿੱਤੀ ਜਾਵੇਤੇ ਰਾਜ ਸਰਕਾਰ ਨੇ ਸੁਰੱਖਿਆਦੇ ਦਿੱਤੀ ਹੈ। ਕਮਿਸ਼ਨ ਨੇ ਇਸ ਦੇ ਨਾਲ ਬੰਗਾਲ ਦੇ ਮੁੱਖ ਚੋਣ ਅਫਸਰ (ਸੀਈਓ) ਨੂੰ ਇਹ ਯਕੀਨੀ ਕਰਨ ਨੂੰ ਕਿਹਾ ਹੈ ਕਿ ਸਾਰੇ ਚੋਣ ਦਸਤਾਵੇਜ਼ਸੁਰੱਖਿਅਤ ਰੱਖੇ ਜਾਣ। ਮੰਗਲਵਾਰ ਨੂੰ ਜਾਰੀ ਬਿਆਨ ਵਿੱਚ ਕਮਿਸ਼ਨ ਨੇ ਕਿਹਾ, ਨੰਦੀਗ੍ਰਾਮ ਵਿੱਚ ਗਿਣਤੀ ਮੁੱਕਣਪਿੱਛੋਂ ਇਕ ਉਮੀਦਵਾਰ ਦੇ ਇਲੈਕਸ਼ਨ ਏਜੰਟ ਨੇ ਵੋਟਾਂ ਦੀਦੁਬਾਰਾ ਗਿਣਤੀ ਦੀ ਮੰਗ ਕੀਤੀ ਸੀ, ਜਿਸ ਨੂੰ ਰਿਟਰਨਿੰਗ ਅਫਸਰ ਨੇ ਆਪਣੇ ਸਾਹਮਣੇ ਮੌਜੂਦ ਤੱਥ ਵੇ ਕੇ ਜ਼ਬਾਨੀਹੁਕਮ ਵਿੱਚ ਰੱਦ ਕਰ ਕੇ ਨਤੀਜੇ ਦਾ ਐਲਾਨ ਕੀਤਾ ਸੀ। ਅਜਿਹੇ ਕੇਸ ਵਿੱਚ ਹਾਈ ਕੋਰਟ ਵਿੱਚ ਚੋਣ ਅਰਜ਼ੀ ਦੇਣ ਦਾ ਹੀ ਬਦਲ ਹੈ। ਕਮਿਸ਼ਨ ਨੇ ਕਿਹਾ ਕਿ ਵਿਧਾਨ ਸਭਾ ਲਈ ਰਿਟਰਨਿੰਗ ਅਫਸਰ ਆਰ ਪੀ ਐਕਟ 1951 ਹੇਠ ਸੈਮੀ-ਜੁਡੀਸ਼ਲ ਅਧਿਕਾਰ ਨਾਲ ਚੋਣ ਕਮਿਸ਼ਨ ਦੇ ਹੁਕਮਾਂਉੱਤੇ ਆਜ਼ਾਦ ਕੰਮ ਕਰਦੇ ਹਨ ਅਤੇ ਨਿਯਮ ਮੁਤਾਬਕ ਜੇ ਦੁਬਾਰਾ ਵੋਟਾਂ ਦੀ ਗਿਣਤੀ ਦੀ ਮੰਗ ਕੀਤੀ ਜਾਵੇ ਤਾਂ ਰਿਟਰਨਿੰਗ ਅਫਸਰ ਉਸ ਨੂੰ ਮਨਜ਼ੂਰ ਕਰ ਸਕਦਾ ਜਾਂ ਠੀਕ ਨਾ ਲੱਗਣ ਉੱਤੇ ਰੱਦ ਕਰ ਸਕਦਾ ਹੈ।ਇਸ ਫ਼ੈਸਲੇ ਨੂੰ ਆਰਪੀ ਐਕਟ 1951 ਦੀ ਧਾਰਾ 80 ਹੇਠ ਚੋਣ ਪਟੀਸ਼ਨ ਰਾਹੀਂ ਚੁਣੌਤੀ ਦਿੱਤੀ ਜਾ ਸਕਦੀ ਹੈ।

# ਪੰਜਾਬ ਵਿੱਚ ਇੱਕੋ ਦਿਨ ਵਿੱਚ ਕੋਰੋਨਾ ਨਾਲ ਰਿਕਾਰਡ 173 ਮੌਤਾਂ

ਚੰਡੀਗੜ੍ਹ, 4 ਮਈ, (ਪੋਸਟ ਬਿਊਰੋ)- ਪੰਜਾਬ ਵਿੱਚ ਲਾਕਡਾਊਨ ਲਾਉਣ ਦੇ ਬਾਵਜੂਦ ਕੋਰੋਨਾ ਦਾ ਕਹਿਰ ਲਗਾਤਾਰ ਵਧ ਰਿਹਾ ਹੈ ਅਤੇ ਦਿਨੋਂ-ਦਿਨ ਜਿੱਥੇ ਕੋਰੋਨਾ ਨਾਲ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਉਥੇ ਪਾਜ਼ੇਟਿਵ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਅੱਜ ਮੰਗਲਵਾਰ ਨੂੰਪੰਜਾਬ ਵਿੱਚ 173 ਮਰੀਜ਼ਾਂ ਦੀ ਮੌਤ ਹੋ ਗਈ, ਜੋ ਇੱਕੋ ਦਿਨਕੋਰੋਨਾ ਨਾਲ ਹੋਈਆਂ ਮੌਤਾਂ ਦੀ ਸਭ ਤੋਂ ਵੱਡੀ ਗਿਣਤੀ ਹੈ। ਇਸੇ ਤਰ੍ਹਾਂ ਅੱਜ 7601 ਨਵੇਂ ਕੇਸ ਮਿਲੇ। ਸਿਹਤ ਵਿਭਾਗ ਪੰਜਾਬਦੇ ਬੁਲੇਟਿਨ ਮੁਤਾਬਕ ਅੱਜ ਸਭ ਤੋਂ ਵੱਧ20-20 ਮੌਤਾਂ ਬਠਿੰਡਾ ਅਤੇ ਲੁਧਿਆਣੇ ਜ਼ਿਲ੍ਹੇ ਵਿੱਚ ਹੋਈਆਂ ਹਨ। ਅੰਮ੍ਰਿਤਸਰ ਅਤੇ ਪਟਿਆਲਾ ਵਿੱਚ 16-16 ਮੌਤਾਂ, ਮੋਹਾਲੀ ਜ਼ਿਲੇ ਵਿੱਚ 12, ਫਾਜ਼ਿਲਕਾ ਤੇ ਸੰਗਰੂਰ10-10, ਜਲੰਧਰ ਤੇ ਮੁਕਤਸਰ8-8, ਫਰੀਦਕੋਟ, ਫਿਰੋਜ਼ਪੁਰ, ਹੁਸ਼ਿਆਰਪੁਰ ਤੇ ਪਠਾਨਕੋਟ6-6, ਰੂਪਨਗਰ ਤੇ ਗੁਰਦਾਸਪੁਰ5-5, ਕਪੂਰਥਲਾ ਤੇ ਤਰਨਤਾਰਨ4-4, ਮੋਗਾ ਵਿੱਚ 3, ਫਤਿਹਗੜ੍ਹ ਸਾਹਿਬ ਤੇ ਮਾਨਸਾ2-2 ਅਤੇ ਨਵਾਂ ਸ਼ਹਿਰ ਜ਼ਿਲੇ ਵਿੱਚ 1 ਮੌਤ ਹੋਈ ਹੈ। ਅੱਜ ਪੰਜਾਬ ਵਿੱਚ 7601 ਨਵੇਂ ਕੋਰੋਨਾ ਕੇਸ ਮਿਲੇ, ਜਿਨ੍ਹਾਂ ਵਿੱਚ ਸਭ ਤੋਂ ਵੱਧ1347 ਮਰੀਜ਼ ਲੁਧਿਆਣਾ ਜ਼ਿਲ੍ਹੇ ਵਿੱਚੋਂ ਹਨ। ਇਸ ਦੇ ਨਾਲਮੋਹਾਲੀ ਜ਼ਿਲੇ ਤੋਂ 847, ਬਠਿੰਡਾ 803, ਜਲੰਧਰ 733, ਅੰਮ੍ਰਿਤਸਰ 674, ਪਟਿਆਲਾ 640, ਮੁਕਤਸਰ 429, ਪਠਾਨਕੋਟ 284, ਫਾਜ਼ਿਲਕਾ 243, ਸੰਗਰੂਰ 209, ਮੋਗਾ 194, ਗੁਰਦਾਸਪੁਰ 192, ਫਰੀਦਕੋਟ 189, ਹੁਸ਼ਿਆਰਪੁਰ 186, ਫਿਰੋਜ਼ਪੁਰ 103, ਕਪੂਰਥਲਾ 101, ਫਤਿਹਗੜ੍ਹ ਸਾਹਿਬ 98, ਮਾਨਸਾ ਤੋਂ 85, ਨਵਾਂ ਸ਼ਹਿਰ 77, ਤਰਨ ਤਾਰਨ 74, ਰੂਪਨਗਰ 71 ਅਤੇ ਬਰਨਾਲਾ ਤੋਂ 22 ਲੋਕ ਪਾਜ਼ੇਟਿਵ ਪਤਾ ਲੱਗੇ ਹਨ।

# ਦਿੱਲੀ ਵਿੱਚ ਕੋਰੋਨਾ ਦੇ ਹਾਲਾਤ ਉੱਤੇ ਹਾਈ ਕੋਰਟ ਨੇ ਕੇਂਦਰ ਨੂੰ ਮੁੜ ਕੇ ਝਾੜਿਆ

ਨਵੀਂ ਦਿੱਲੀ, 4 ਮਈ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਵਿੱਚਆਕਸੀਜਨ ਦੀ ਕਮੀ ਨਾਲਹੁੰਦੀਆਂ ਮੌਤਾਂ ਦੇ ਕਾਰਨ ਹਾਈ ਕੋਰਟ ਦਾ ਗੁੱਸਾ ਹੋਰ ਵਧਦਾ ਦਿਖਾਈ ਦੇਣ ਲੱਗ ਪਿਆ ਹੈ।

ਅੱਜ ਮੰਗਲਵਾਰ ਦੀ ਸੁਣਵਾਈ ਦੌਰਾਨ ਜਸਟਿਸ ਵਿਪਿਨ ਸਾਂਘੀ ਅਤੇ ਜਸਟਿਸ ਰੇਖਾ ਪੱਲੀ ਦੇ ਬੈਂਚ ਨੇ ਕੇਂਦਰ ਸਰਕਾਰ ਉੱਤੇ ਭਾਵਨਾਤਮਕ ਟਿੱਪਣੀਆਂ ਕੀਤੀਆਂ ਤੇ ਕਿਹਾ, 'ਸ਼ੁਤਰਮੁਰਗ ਵਾਂਗ ਤੁਸੀਂ ਆਪਣਾ ਸਿਰ ਲੁਕਾ ਲਵੋ, ਅਸੀਂ ਨਹੀਂ ਲੁਕਾਵਾਂਗੇ। ਲਗਾਤਾਰ ਲੋਕਾਂ ਦਾ ਮਰਨਾ ਦੇਖਣਾ ਬਹੁਤ ਦੁਖਦਾਈ ਹੈ।' ਕੋਰਟ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਕਿ ਸੁਪਰੀਮ ਕੋਰਟ ਦੇ 30 ਅਪ੍ਰੈਲ ਅਤੇ ਹਾਈ ਕੋਰਟ ਦੇ ਪਹਿਲੀ ਮਈ ਦੇ ਆਦੇਸ਼ ਦੀ ਪਾਲਣਾ ਨਾ ਕਰਨ ਉੱਤੇ ਕਿਉਂ ਨਾ ਤੁਹਾਡੇ ਖ਼ਿਲਾਫ਼ ਉਲੰਘਣਾ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ।

ਆਕਸੀਜਨ ਮੁੱਦੇ ਉੱਤੇ ਕਈ ਦਿਨਾਂ ਤੋਂ ਲਗਾਤਾਰ ਸੁਣਵਾਈ ਕਰਦੇ ਬੈਂਚ ਨੇ ਅਲਾਟ ਆਕਸੀਜਨ ਸਪਲਾਈ ਬਾਰੇ ਕੇਂਦਰ ਸਰਕਾਰ ਦੀ ਦਲੀਲ ਰੱਦ ਕਰ ਦਿੱਤੀ। ਬੈਂਚ ਨੇ ਆਕਸੀਜਨ ਸਪਲਾਈ ਦੇਖਦੇ ਕੇਂਦਰ ਦੇ ਉੱਚ ਅਧਿਕਾਰੀ ਪਿਊਸ਼ ਗੋਇਲ ਤੇ ਸੁਮਿਤਾ ਡਾਬਰਾ ਨੂੰ ਸੁਣਵਾਈ ਦੌਰਾਨ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ।ਇਸ ਬਾਰੇ ਐਫੀਡੇਵਿਟ ਦਾਇਰ ਕਰਨ ਲਈ ਮੋਹਲਤ ਮੰਗਣ ਦੀ ਕੇਂਦਰ ਸਰਕਾਰ ਦੀ ਦਲੀਲ ਉੱਤੇ ਬੈਂਚ ਨੇ ਕਿਹਾ ਕਿ ਅਸੀਂ ਸਮਝਣ ਵਿੱਚ ਨਾਕਾਮ ਹਾਂ ਕਿ ਆਖ਼ਰ ਇਸ ਨਾਲ ਕੀ ਮਿਲੇਗਾ। ਅਦਾਲਤ ਨੇ ਟਿੱਪਣੀ ਕੀਤੀ ਕਿ ਕੇਂਦਰ ਸਰਕਾਰ ਨੇ ਦਿੱਲੀ ਨੂੰ ਅਲਾਟ ਕੀਤੀ 490 ਟਨ ਆਕਸੀਜਨ ਸਪਲਾਈ ਇਕ ਵੀ ਦਿਨ ਨਹੀਂ ਕੀਤੀ।ਅਦਾਲਤ ਨੇ ਐਡੀਸ਼ਨਲ ਸਾਲਿਸਟਰ ਜਨਰਲ (ਏ ਐੱਸ ਜੀ) ਚੇਤਨ ਸ਼ਰਮਾ ਨੂੰ ਕਿਹਾ ਕਿ ਅਸੀਂ ਬਾਕੀ ਹੁਕਮਾਂ ਦੀ ਪਾਲਣਾ ਪਿੱਛੋਂ ਦੇਖ ਸਕਦੇ ਹਾਂ, ਪਰ 700 ਮੀਟਰਿਕ ਟਨ ਆਕਸੀਜਨ ਦੀ ਸਪਲਾਈ ਤੁਹਾਨੂੰ ਕਰਨੀ ਹੀ ਪਵੇਗੀ।ਏ ਐੱਸ ਜੀ ਨੇ ਕਿਹਾ ਕਿ ਅਸੀਂ ਤੁਹਾਡਾ ਆਦੇਸ਼ ਲੈ ਲਿਆ ਹੈ, ਪਰ ਹਾਈ ਕੋਰਟ ਵੈੱਬਸਾਈਟ ਉੱਤੇ ਇਹ ਆਦੇਸ਼ ਬੁੱਧਵਾਰ ਸਵੇਰੇ ਅਪਲੋਡ ਕਰੇ। ਅਦਾਲਤ ਨੇ ਏ ਐੱਸ ਜੀ ਦੀ ਅਪੀਲ ਰੱਦ ਕਰਦਿਆਂ ਕਿਹਾ ਕਿ ਕੋਰਟ ਮੰਗਲਵਾਰ ਰਾਤ ਹੀ ਆਦੇਸ਼ ਅਪਲੋਡ ਕਰੇਗੀ। ਅਦਾਲਤ ਨੇ ਏ ਐੱਸ ਜੀ ਦੀ ਉਸ ਦਲੀਲ ਨਾਲ ਵੀ ਅਸਹਿਮਤੀ ਵਿਖਾਈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਸੁਪਰੀਮ ਕੋਰਟ ਨੇ 700 ਟਨ ਆਕਸੀਜਨ ਸਪਲਾਈ ਦਾ ਆਦੇਸ਼ ਨਹੀਂ ਦਿੱਤਾ। ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਆਕਸੀਜਨ ਮੰਗ 700 ਟਨ ਵਧਣ ਦੀ ਦਿੱਲੀ ਸਰਕਾਰ ਦੀ ਦਲੀਲ ਰਿਕਾਰਡ ਉੱਤੇ ਲੈ ਕੇ ਕੇਂਦਰ ਸਰਕਾਰ ਨੂੰ ਫੌਰੀ ਇਸ ਦੀ ਸਪਲਾਈ ਯਕੀਨੀ ਕਰਨ ਨੂੰ ਕਿਹਾ ਹੈ। ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਇਸ ਦਾ ਵੀ ਨੋਟਿਸ ਵਿੱਚ ਲਿਆ ਕਿ ਸਾਲਿਸਟਰ ਜਨਰਲ (ਐੱਸਜੀ) ਤੁਸ਼ਾਰ ਮਹਿਤਾ ਨੇ ਕਿਹਾ ਸੀ ਕਿ ਕੌਮੀ ਰਾਜਧਾਨੀ ਨੂੰ ਘਾਟ ਨਹੀਂ ਹੋਵੇਗੀ। ਇਸ ਦੇ ਬਾਵਜੂਦ ਵੱਡੇ ਹਸਪਤਾਲਾਂ ਅਤੇ ਛੋਟੇ ਨਰਸਿੰਗ ਹੋਮ ਦੀ ਲੋੜ ਨਹੀਂ ਪੂਰੀ ਹੋਈ ਤੇ ਉਨ੍ਹਾਂ ਕੋਲ ਆਕਸੀਜਨ ਨਹੀਂ।

# ਇਤਿਹਾਸਕ ਗੁਰੂ ਘਰ ਵਿੱਚ ਹੱਥੋਪਾਈ ਹੋਈ ਅਤੇ ਪੱਗਾਂ ਲੱਥੀਆਂ

ਬਰਨਾਲਾ, 4 ਮਈ, (ਪੋਸਟ ਬਿਊਰੋ)- ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀ ਢਿੱਲਵਾਂ ਵਿਖੇ ਅੱਜ ਹੰਗਾਮਾ ਹੋ ਗਿਆ ਜਦ ਗੁਰਦੁਆਰਾ ਸਾਹਿਬ ਦੇ ਮੈਨੇਜਰ-ਕਮ-ਰਿਸੀਵਰ ਨਾਲਓਥੇ ਕੰਮ ਕਰਦੇ ਸੇਵਾਦਾਰਾਂ ਦੀ ਹੱਥੋਪਾਈ ਹੋ ਗਈ।ਗੱਲ ਐਨੀ ਵਧੀ ਕਿ ਗੁਰੂ ਘਰਦੇ ਖਿੜਕੀਆਂ ਦੇ ਸ਼ੀਸ਼ੇ ਟੁੱਟੇ ਤੇ ਪੱਗਾਂ ਲੱਥ ਗਈਆਂ।ਝਗੜਾ ਠੱਲ੍ਹਣ ਲਈ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਚੂੰਘਾਂ ਨੇ ਓਥੇ ਪੁੱਜ ਕੇ ਆਪਣੇ ਦੋਵੇਂ ਚਹੇਤਿਆਂ ਵਿੱਚਮਾਰਕੁੱਟ ਦੀ ਨਿਖੇਧੀ ਕੀਤੀ ਅਤੇ ਉਨ੍ਹਾਂ ਨੇ ਇਸ ਕੇਸ ਵਿੱਚ ਝੜੱਪ ਦੌਰਾਨ ਰਿਸੀਵਰ ਵੱਲੋਂ ਕਾਰਵਾਈ ਕਰਨ ਬਾਰੇ ਵੀ ਦੱਸਿਆ ਹੈ।

ਇਸ ਬਾਰੇ ਗੁਰਦੁਆਰਾ ਪਾਤਸ਼ਾਹੀ ਨੌਵੀ ਢਿੱਲਵਾਂ ਦੇ ਸੇਵਾਦਾਰ ਤਾਇਨਾਤ ਗੁਰਮੇਲ ਸਿੰਘ ਮੱਲ੍ਹੀ ਨੇ ਦੱਸਿਆ ਕਿ ਉਹ 5 ਮਈ 2015 ਤੋਂ ਡਿਊਟੀ ਕਰ ਰਿਹਾ ਹੈਤੇ ਸਿੱਖ ਜੁਡੀਸ਼ਲ ਕਮਿਸ਼ਨ ਅਧੀਨ ਕੰਮ ਕਰਦਾ ਹੈ। ਦੋ-ਦਿਨ ਮਹੀਨੇ ਤੋਂ ਰਿਸੀਵਰ ਉਸ ਨਾਲ ਧੱਕੇਸ਼ਾਹੀ ਕਰ ਰਿਹਾ ਹੈਤੇ ਰਿਸੀਵਰ ਨੇ ਕੁਝ ਲੋਕਾਂ ਨੂੰ ਪੈਸੇ ਲੈ ਕੇ ਭਰਤੀ ਕੀਤਾ ਤੇ ਮੇਰੇ ਤੋਂ ਵੀ ਪੈਸਿਆਂ ਦੀ ਝਾਕ ਰੱਖਦਾ ਸੀ, ਪਰ ਮੈਂ ਪੱਲਾ ਨਹੀਂ ਫੜਾਇਆ ਤਾਂ ਉਸ ਨੇ ਕਈ ਵਾਰ ਮੇਰੀ ਗੈਰ ਹਾਜ਼ਰੀ ਪਾ ਦਿੱਤੀਅਤੇ ਤਨਖ਼ਾਹ ਕਟਵਾ ਦਿੰਦਾ ਸੀ। ਮੇਰੀ ਡਿਊਟੀ ਸਵੇਰੇ 5 ਵਜੇ ਸ਼ੁਰੂ ਹੁੰਦੀ ਸੀ ਤੇ ਸਮੇਂ ਸਿਰ ਡਿਊਟੀ ਉੱਤੇ ਪਹੁੰਚ ਜਾਂਦਾ ਸਾਂ। ਉਨ੍ਹਾਂ ਕਿਹਾ ਕਿ ਰਿਸੀਵਰ ਧੱਕੇਸ਼ਾਹੀ ਕਰਦਾ ਹੈ ਅਤੇ ਜਦ ਮੈਂ ਡਿਊਟੀ ਉੱਤੇ ਹਾਜ਼ਰ ਹੁੰਦਾ ਸੀ, ਓਦੋਂ ਗੈਰ ਹਾਜ਼ਰੀ ਲਾਈ ਜਾਂਦੀ ਸੀ।ਇਸ ਕਾਰਨ ਮੈਂ ਗੁੱਸੇ ਵਿੱਚ ਇਕ ਆਡੀਓ ਰਿਸੀਵਰ ਸਮੇਤ ਕਈ ਲੋਕਾਂ ਦੇ ਵਟਸਐਪ ਨੰਬਰ ਉੱਤੇਪਾ ਦਿੱਤੀ ਤਾਂ ਮੇਰੇ ਸਾਥੀ ਗੁਰਜੰਟ ਸਿੰਘ ਨੂੰ ਮੈਨੇਜਰ ਨੇ ਪਿੰਡ ਵਾਲੇ ਗੁਰਦੁਆਰਾ ਸਾਹਿਬ ਬੁਲਾ ਕੇ ਉਸ ਤੋਂ ਧੱਕੇ ਨਾਲ ਮੇਰੇ ਖਿਲਾਫ਼ ਝੂਠੇ ਬਿਆਨ ਦੇਣਦਾ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ। ਜਦ ਗੁਰਜੰਟ ਸਿੰਘਅਤੇ ਉਹ ਰਿਸੀਵਰ ਦੇ ਦਫ਼ਤਰ ਪੁੱਜੇ ਤਾਂ ਗੁਰਜੰਟ ਸਿੰਘ ਦੀ ਰਿਸੀਵਰ ਨਾਲ ਤੂ-ਤੂੰ, ਮੈਂ-ਮੈਂ ਹੋ ਗਈ। ਇਸ ਦੌਰਾਨ ਮੈਂ ਵੀ ਗੁਰਜੰਟ ਸਿੰਘ ਨਾਲ ਖੜਾ ਹੋ ਗਿਆ। ਦੋਵਾਂ ਧਿਰਾਂ ਵਿੱਚ ਕਾਫ਼ੀ ਹੱਦ ਤੱਕ ਹੱਥੋਪਾਈਹੋਈ, ਜਿਸ ਪਿੱਛੋਂ ਰਿਸੀਵਰ ਨੇ ਸਾਡੇ ਖਿਲਾਫ਼ ਦਰਖਾਸਤ ਦਿੱਤੀ ਤੇ ਸਾਡੀ ਤਨਖ਼ਾਹ ਰੋਕ ਦਿੱਤੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਕੇਸ ਦੀ ਜਾਂਚ ਕਰਵਾ ਕੇ ਇਨਸਾਫ਼ ਦਿਵਾਇਆ ਜਾਵੇ।

ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਬਲਦੇਵ ਸਿੰਘ ਚੂੰਘਾਂ ਨੇ ਕਿਹਾ ਕਿ ਏਥੋਂ ਦਾ ਗੁਰਦੁਆਰਾ ਸ਼੍ਰੋਮਣੀ ਅਕਾਲੀ ਦੇ ਅਧੀਨ ਨਹੀਂ, ਇਹ ਸਿੱਖ ਜੁਡੀਸ਼ਲ ਕਮਿਸ਼ਨ ਦੇ ਅਧੀਨ ਹੈ ਤੇ ਪਿੰਡ ਦੀ ਕੋਈ ਕਮੇਟੀ ਨਹੀਂ ਅਤੇ ਸ਼੍ਰੋਮਣੀ ਕਮੇਟੀ ਦਾ ਕੋਈ ਦਖਲ ਨਹੀਂ, ਇਹ ਮੁਲਾਜ਼ਮ ਕਮਿਸ਼ਨ ਦੇ ਅੰਡਰ ਹੋਣ ਕਰਕੇ ਸਾਡਾ ਇਸ ਨਾਲ ਸਬੰਧ ਨਹੀਂ। ਉਨ੍ਹਾਂ ਕਿਹਾ ਕਿ ਗੁਰਮੇਲ ਸਿੰਘ ਮੱਲ੍ਹੀ ਸਾਬਕਾ ਸਰਪੰਚ ਦੀ ਰਿਸੀਵਰ ਅਮਰੀਕ ਸਿੰਘ ਵਲੋਂ ਗੈਰ ਹਾਜ਼ਰੀ ਲਾਉਣ ਤੋਂ ਬਾਅਦ ਦੋਵਾਂ ਵਿੱਚ ਆਪਸੀ ਤੂੰ-ਤੂੰ ਮੈਂ-ਮੈਂ ਅਤੇ ਹੱਥੋਪਾਈ ਹੋ ਗਈ ਹੈ।
















# Light house of "Kale Paani"

Dr.S.S.Chhina

Any reference regarding island of Andaman and Nicobar had been of much interest for me. As the number of stories of imprisonment of freedom fighters in cellular jail had been much fascinating. It was a pleasure when I was entrusted with the task to study Panchayat elections in those islands by the institute of social sciences, New Delhi.

Prior to my departure to post Blair, I was told by number of persons that about half of the population of Andaman and Nicobar is of Punjabis those have settled after serving their term of imprisonment. Dr. Biswas a professor of a college was associated with me.

When I dropped at airport of Port Blair and was going towards the rest house, I was looking on both sides of the road to find some Punjabi concern, but I could see only one turbaned Sikh driving Scooter on this 5 km route. Dalwinder an another Prominent Punjabi came to see me after a short while and has discarded my number of misconceptions. These are not two islands of Andaman and Nicobar rather there are 550 islands spreading in the periphery of about 600 kilometers. The group of 28 Nicobar Islands is about 500 kilometers from Andaman group. Only 36 islands are inhabited. The population is only of 5 lakh, and Punjabi Population is hardly one percent with 5000 persons. The people from all the states of India and from all the religions are here. There was hundred percent literacy and nobody was below the poverty line. These were most interesting facts.

The next day while going there in a dense jungle we saw a memorial in the memory of forty army men killed by Japanese army, in which 22 were Punjabis and most were Sikhs depicting the Punjabi concern. While visiting the cellular jail, the large number of Punjabis names could be read on the long list of prominent prisoners, particularly the statue of Baba Budh Singh outside the jail gate. The other Punjabi concern was the rush on Dhabas serving Punjabi food on the port Blair. Rangat Road is of 150kms and was constructed by linking the islands with bridges.

But once I visited Dr. Dewan Singh Gurdwara in the center of the Port Blair and going through the history and contribution of Dr. sahib for the people of those islands thousand miles away from his own land, i realized the respect of that man who was looked as an icon of humanity on these islands. Though he was a medical officer of the jail but he was serving to all the population that was facing penury and distress.

When Japanese occupied those islands, they resorted to acts of the tyranny on the civil population under the delusion that those were helping the britishers. Dr. Dewan Singh was given the prescriptive not to serve the civil society, but he denied to follow it because of the professional pledge to serve the society irrespective of the status of the person. The Japanese could not judge his inexorable spirit. He was tortured perpetually for 82 days and got martyrdom in the same jail where he was a medical officer.

As he was in the hearts of those people, all the people belonging to any religion constructed a beautiful building of Gurdwara. Gurdwara had been a big solace for all the people irrespective of province or the religion and it had been their place of stay till they are not settled permanently on those islands. Still the Gurdwara dispensary is providing free service to all the people who sought medication. Ostensibly It is the only religious place where the members of management belongs to all religions and it validated that Gurdwara Dewan Singh is a light house of "Kale Paani".

The Writer is senior fellow Institute of Social Sciences New Delhi

# ਡੇਮਰੂ ਖੁਰਦ ਦੇ ਨੌਜਵਾਨ ਦਾ ਮਨੀਲਾ ਵਿੱਚ ਕਤਲ

ਸਮਾਲਸਰ, 4 ਮਈ (ਪੋਸਟ ਬਿਊਰੋ)- ਇੱਥੋਂ ਦੇ ਪਿੰਡ ਡੇਮਰੂ ਖੁਰਦ ਦੇ ਇੱਕ ਨੌਜਵਾਨ ਦਾ ਮਨੀਲਾ ਵਿੱਚ ਕਤਲ ਹੋ ਗਿਆ ਹੈ, ਜਿਸ ਦੇ ਪਿੱਛੇ ਕੰਮ ਕਰਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਪਿੰਡ ਦੇ ਸਰਪੰਚ ਪੰਨਾ ਸਿੰਘ ਨੇ ਦੱਸਿਆ ਕਿ ਰਾਜਦੀਪ ਸਿੰਘ ਪੁੱਤਰ ਛਿੰਦਰ ਸਿੰਘ ਕਈ ਸਾਲ ਪਹਿਲਾਂ ਰੋਜ਼ੀ ਰੋਟੀ ਲਈ ਮਨੀਲਾ ਗਿਆ ਸੀ, ਜਿੱਥੇ ਉਹ ਆਪਣੀ ਪਤਨੀ ਤੇ ਦੋ ਬੱਚਿਆਂ ਸਮੇਤ ਰਹਿ ਰਿਹਾ ਸੀ। ਬੀਤੀ ਅੱਧੀ ਰਾਤ ਨੂੰ ਚਾਰ-ਪੰਜ ਅਣਪਛਾਤੇ ਲੋਕਾਂ ਨੇ ਉਸ ਨੂੰ ਘਰ ਵਿੱਚ ਕਤਲ ਕਰ ਦਿੱਤਾ। ਉਸ ਦੀ ਪਤਨੀ ਵਾਰਦਾਤ ਮੌਕੇ ਘਰ ਵਿੱਚ ਨਹੀਂ ਸੀ। ਉਹ ਆਪਣੇ ਪਿੱਛੇ ਪਤਨੀ ਤੇ ਦੋ ਬੱਚੇ ਛੱਡ ਗਿਆ ਹੈ। ਇਸ ਦੌਰਾਨ ਪਿੰਡ ਮੰਡ ਕਲਾਂ ਦੇ ਨੌਜਵਾਨ ਗੁਰਪ੍ਰੀਤ ਸਿੰਘ ਉਰਫ ਹੈਪੀ (21) ਦੀ ਅਮਰੀਕਾ ਦੇ ਸਿਆਟਲ ਵਿੱਚ ਮੌਤ ਹੋ ਗਈ ਹੈ। ਗੋਪੀ ਦੇ ਪਰਵਾਰ ਨੇ ਦੱਸਿਆ ਕਿ 2018 ਵਿੱਚ ਉਨ੍ਹਾਂ ਨੇ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਉਸ ਨੂੰ ਘਰ ਦੀ ਆਰਥਿਕ ਹਾਲਤ ਸੁਧਾਰਨ ਲਈ ਅਮਰੀਕਾ ਭੇਜਿਆ ਸੀ। ਉਸ ਨਾਲ ਕੰਮ ਉੱਤੇ ਜਾਣ ਤੋਂ ਪਹਿਲਾਂ ਗੱਲ ਹੋਈ ਸੀ ਤੇ ਸ਼ਾਮ ਨੂੰ ਜਦੋਂ ਉਹ ਘਰ ਪਰਤਿਆ ਤਾਂ ਉਸ ਨੇ ਸਿਰ ਵਿੱਚ ਦਰਦ ਹੋਣ ਬਾਰੇ ਦੱਸਿਆ। ਮਗਰੋਂ ਉਸ ਦੇ ਨਾਲ ਰਹਿਣ ਵਾਲੇ ਲੜਕਿਆਂ ਨੇ ਉਸ ਦੀ ਮੌਤ ਬਾਰੇ ਜਾਣਕਾਰੀ ਦਿੱਤੀ। ਗੁਰਪ੍ਰੀਤ ਦੇ ਪਿਤਾ ਨੇ ਦੱਸਿਆ ਕਿ ਉਹ ਘਰ ਦਾ ਗੁਜ਼ਾਰਾ ਦੁੱਧ ਵੇਚ ਕੇ ਕਰ ਰਿਹਾ ਹੈ। ਉਨ੍ਹਾਂ ਸਰਕਾਰ ਪਾਸੋਂ ਆਰਥਿਕ ਤੰਗੀ ਵਿੱਚੋਂ ਕੱਢਣ ਲਈ ਮੱਦਦ ਦੀ ਅਪੀਲ ਕੀਤੀ ਹੈ।

# ਤਿੰਨ ਬੱਚਿਆਂ ਦੀ ਨਹਿਰ ਵਿੱਚ ਨਹਾਉਂਦੇ ਸਮੇਂ ਡੁੱਬਣ ਕਾਰਨ ਮੌਤ

ਬਰਨਾਲਾ, 3 ਮਈ (ਪੋਸਟ ਬਿਊਰੋ)- ਨੇੜਲੇ ਪਿੰਡ ਕਾਲੇਕੇ ਵਿੱਚ ਇੱਕੋ ਪਰਵਾਰ ਦੇ ਦੋ ਬੱਚਿਆਂ ਦੀ ਪਿੰਡ ਦੇ ਰਜਵਾਹੇ (ਨਹਿਰੀ ਸੂਆ) ਵਿੱਚ ਨਹਾਉਂਦੇ ਸਮੇਂ ਡੁੱਬਣ ਕਾਰਨ ਮੌਤ ਹੋ ਗਈ। ਦੋਵਾਂ ਬੱਚਿਆਂ ਦੀ ਉਮਰ ਅੱਠ ਸਾਲ ਅਤੇ ਨੌਂ ਸਾਲ ਦੱਸੀ ਜਾ ਰਹੀ ਹੈ ਅਤੇ ਦੋਵੇਂ ਤਾਏ-ਚਾਚੇਪੁੱਤ ਸਨ। ਦੋਵੇਂ ਬੱਚੇ ਗਰੀਬ ਮਜ਼ਦੂਰ ਪਰਵਾਰ ਤੋਂ ਸਨ। ਬੱਚੇ ਦੀ ਮਾਤਾ ਨੇ ਵਿਲਕਦੇ ਹੋਏ ਦੱਸਿਆ ਕਿ ਉਸ ਨੂੰ ਨਹੀਂ ਪਤਾ ਸੀ ਕਿ ਉਹ ਕਦੋਂ ਉਸ ਰਜਵਾਹੇ ਵੱਲ ਚਲੇ ਗਏ। ਇਸੇ ਤਰ੍ਹਾਂ ਬਰਨਾਲਾ ਦੀ ਹਰੀਗੜ੍ਹ ਨਹਿਰ ਵਿੱਚ 16 ਸਾਲ ਦੇ ਲੜਕੇ ਜਸ਼ਨਦੀਪ ਦੀ ਡੁੱਬਣ ਨਾਲ ਮੌਤ ਹੋ ਗਈ। ਗਰਮੀ ਤੋਂ ਰਾਹਤ ਪਾਉਣ ਲਈ ਛੇ ਦੋਸਤ ਇਸ ਨਹਿਰ ਵਿੱਚ ਨਹਾਉਣ ਗਏ ਸਨ ਤਾਂ ਉਸ ਦੌਰਾਨ ਜਸ਼ਨਦੀਪ ਦੀ ਨਹਿਰ ਵਿੱਚ ਡੁੱਬਣ ਕਾਰਨ ਮੌਤ ਹੋ ਗਈ। ਜਸ਼ਨਦੀਪ ਨੂੰ ਦੋਸਤਾਂ ਨੇ ਬਾਹਰ ਕੱਢਿਆ ਤੇ ਹਸਪਤਾਲ ਲੈ ਕੇ ਗਏ, ਪਰ ਹਸਪਤਾਲ ਤੱਕ ਪਹੁੰਚਦੇ-ਪਹੁੰਚਦੇ ਉਸ ਦੀ ਮੌਤ ਹੋ ਗਈ। ਉਸ ਦੇ ਪਰਵਾਰ ਵਿੱਚ ਸਿਰਫ ਉਸ ਦੇ ਪਿਤਾ ਹਨ, ਹੋਰ ਕੋਈ ਨਹੀਂ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਮੁਫਤ ਪਿਕਅਪ ਅਤੇ ਡਰਾਪ ਆਫ
ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
ਵਾਜਿਬ ਕੀਮਤ
ਫਰੀ ਪਿਕਅਪ
Best Rates For Lessons

ਲੇਡੀ ਇੰਸਟ੍ਰਕਟਰ
647-998-7500
ਬਲਵਿੰਦਰ

BEST CANADIAN TRUCK &
FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Visions of Punjab


VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host

Iqbal Mahal
Producer & Host
Serving the South Asian Community Since 1976

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK

EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
3+1 bdrms with finished Basement

Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

## ਮਾੜੇ ਪੁੱਤ ਤੇ ਪੋਤਰੇ ਨੇ ਮੋਹਤਬਰ ਵਿਅਕਤੀ ਦੀ ਮੜੀ ਰੋਲ ਤੀ, ਜ਼ਮੀਨ ਦੀ ਵੰਡ ਕਿਵੇ ਕਰਵਾ ਦਿੰਦੀ ਹੈ ਸਫੈਦ ਖੂਨ



-ਅੰਗਰੇਜ ਸਿੰਘ ਹੁੰਦਲ-
9876785672

ਜੱਟ ਤੇ ਜ਼ਮੀਨ ਦਾ ਆਪਸ ਵਿਚ ਗਹਿਰਾ ਖ਼ੂਨ ਵਰਗਾ ਰਿਸ਼ਤਾ ਹੈ ਤੇ ਆਮ ਦੇਖਣ ਸੁਣਨ ਵਿਚ ਜ਼ਮੀਨ ਦੀ ਵੰਡ ਖਾਤਰ ਲੜਾਈ ਝਗੜੇ ਤੇ ਕਤਲ ਹੋਣ ਵਰਗੀਆਂ ਘਟਨਾਵਾਂ ਤੇ ਚਲਦਿਆਂ ਆਪਣਿਆਂ ਦਾ ਖ਼ੂਨ ਸਫੈਦ ਹੋਣ ਵਰਗੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ । ਕੁਝ ਅਜਿਹੇ ਵਿਰਲੇ ਬਹੁਤ ਹੀ ਸੁਲਝੇ ਤੇ ਸਮਝਦਾਰ ਵਿਅਕਤੀ ਹਨ ਜੋ ਆਪਸ ਵਿਚ ਪ੍ਰੇਮ ਤੇ ਇਤਫਾਕ ਨਾਲ ਆਪਣੀ ਜ਼ਮੀਨ ਵੰਡ ਲੈਂਦੇ ਹੋਣਗੇ ਨਹੀਂ ਤਾਂ ਜ਼ਿਆਦਾਤਰ ਲੜਾਈ ਝਗੜੇ ਹੀ ਰਹਿੰਦੇ ਹਨ ।

ਮੈਂ ਏਥੇ ਕਿਸੇ ਦੀ ਨਹੀਂ ਆਪਣੇ ਘਰ ਦੀ ਨਿੱਜੀ ਮਿਸਾਲ ਦੇ ਦੇਣੀ ਚਾਹੁੰਦਾਂ ਹਾਂ ਕਿ ਸਾਡੇ ਪਿਤਾ ਹੋਣੀ ਤਿੰਨ ਭਰਾ ਹਨ ਅਤੇ ਜ਼ਮੀਨ ਦਾ ਸਾਂਝਾ

ਖਾਤਾ ਤਿੰਨਾਂ ਭਰਾਵਾਂ ਨੇ ਨਾਮ ਤੇ ਚੱਲ ਰਿਹਾ ਹੈ । ਮੈਂ ਅਤੇ ਮੇਰੇ ਦੂਜੇ ਤਾਇਆਂ ਦੇ ਲੜਕੇ ਸਾਰੇ ਵਿਆਹੇ ਹੋਏ ਹਾਂ ਅਤੇ ਅਗਾਂਹ ਅਸੀਂ ਸਾਰੇ ਬਾਲ ਬੱਚਿਆਂ ਵਾਲੇ ਹਾਂ । ਸਾਡੀ ਜ਼ਮੀਨ ਦੀ ਕੱਚੀ ਵੰਡ ਬਹੁਤ ਦੇਰ ਪਹਿਲਾਂ ਹੀ ਹੋ ਚੁੱਕੀ ਸੀ ਪਰ ਆਪਣੇ ਖਾਤੇ ਵੱਖਰੇ ਨਹੀਂ ਸਨ ਕਰਾਏ ਅਤੇ ਕੁਝ ਸਮਾਂ ਪਹਿਲਾਂ ਅਸੀਂ ਦੋ ਧਿਰਾਂ ਨੇ ਆਪਸ ਵਿਚ ਗੱਲਬਾਤ ਚਲਾਈ ਕਿ ਹੁਣ ਆਪੋ ਆਪਣੇ ਖਾਤੇ ਵੱਖਰੇ ਕਰਵਾ ਲੈਣੇ ਚਾਹੀਦੇ ਹਨ ਕਿਉਂਕਿ ਹੁਣ ਇਹ ਤਿੰਨੇ ਵੱਡੇ ਭਰਾ ਮੌਜੂਦ ਹਨ ਤੇ ਇਨ੍ਹਾਂ ਨੂੰ ਸਾਡੇ ਨਾਲੋ ਜ਼ਿਆਦਾ ਪਤਾ ਹੋਵੇਗਾ ਕਿ ਜ਼ਮੀਨ ਵੰਡ ਕਰਨ ਸਮੇਂ ਕਿਹੜੇ ਸ਼ਰਤਾਂ ਤੈਅ ਕੀਤੀਆਂ ਸਨ ਜੋ ਹੁਣ ਵਾਹ ਰਹੇ ਹਨ । ਅਸੀਂ ਸਾਰੀ ਜ਼ਮੀਨ ਦੇ ਖਸਰਾ ਨੰਬਰ ਸਮੇਤ ਰਕਬੇ ਨਾਲ ਲਿਖ ਕੇ ਆਪਣੇ ਤਾਏ ਨੂੰ ਦਿੱਤੇ ਤੇ ਕੋਈ ਗਲਤੀ ਹੈ ਤਾਂ ਦੱਸੋ ਤੇ ਜ਼ਮੀਨ ਆਪਣੇ ਨਾਮ ਤੇ ਕਰਾਈ ਜਾਵੇ । ਪਰ

ਸਾਡੇ ਉਸ ਤਾਏ ਕੋਲ ਸਾਮਲਾਟ ਵੀ ਵਗਦੀ ਸੀ ਜਿਸ ਦੇ ਚਲਦਿਆਂ ਉਸ ਕੋਲ ਜ਼ਮੀਨ ਦਾ ਰਕਬਾ ਵੱਧ ਸੀ । ਮੇਰੇ ਛੋਟੇ ਤਾਏ ਦੀ ਜ਼ਮੀਨ ਆਪਸੀ ਸਹਿਮਤੀ ਨਾਲ ਇਕੱਠੀ ਹੋ ਸਕਦੀ ਸੀ ਜੇਕਰ ਸਾਡਾ ਵੱਡਾ ਤਾਇਆ ਸਹਿਮਤੀ ਕਰਦਾ ਪਰ ਸਾਡੇ ਵੱਡੇ ਤਾਏ ਦੇ ਵੱਡੇ ਲੜਕੇ ਨੇ ਜ਼ਮੀਨ ਦਾ ਨਫਾ ਤੱਕਿਆ ਪਰਿਵਾਰ ਦੀ ਏਕਤਾ ਨਹੀਂ । ਸਾਡਾ ਵੱਡਾ ਤਾਇਆ ਸਹਿਮਤ ਵੀ ਹੋ ਗਿਆ ਪਰ ਉਸ ਦੇ ਲੜਕੇ ਨੇ ਉਸਦੀ ਇੱਕ ਨਾ ਚੱਲਣ ਦਿੱਤੀ । ਕਿਉਂਕਿ ਸਾਡੇ ਤਾਏ ਦੇ ਲੜਕੇ ਕੋਲ ਨਫੇ ਵਾਲੀ ਜ਼ਮੀਨ ਆ ਰਹੀ ਸੀ । ਸਾਡੇ ਕਈ ਰਿਸ਼ਤੇਦਾਰ ਵੀ ਆਏ ਤੇ ਕੁਝ ਸਨਮਾਨ ਯੋਗ ਸ਼ਖਸੀਅਤਾਂ ਵੀ ਜ਼ਮੀਨ ਦੀ ਵੰਡ ਕਰਵਾਉਣ ਲਈ ਆਈਆ ਪਰ ਪਰਨਾਲਾ ਉਥੇ ਦਾ ਉਥੇ ਹੀ ਰਿਹਾ । ਕੁਝ ਥਾਂ ਦੀ ਲਾਲਸਾ ਨੇ ਸਾਡੇ ਵੱਡੇ ਦੇ

ਲੜਕੇ ਦਾ ਮਨ ਬਦਲਣ ਨਹੀਂ ਦਿੱਤਾ ਤੇ ਉਹ ਜਾਣ ਬੁਝ ਕੇ ਕੋਈ ਨਾ ਕੋਈ ਰੁਕਾਵਟ ਖੜ੍ਹੀ ਕਰੀ ਗਿਆ । ਜਿਸ ਦਾ ਨਤੀਜਾ ਇਹ ਹੋਇਆ ਕਿ ਦੋਵਾਂ ਤਾਇਆ ਵਿਚ ਕੁਝ ਥਾਂ ਨੂੰ ਲੈ ਕੇ ਹੱਥੋਂ ਪਾਈ ਹੋ ਗਈ । ਮੈਂ ਮੌਕੇ ਤੇ ਦੋਵਾਂ ਪਰਿਵਾਰਾਂ ਨੂੰ ਲੜਾਈ ਤੋਂ ਹਟਾਉਣ ਗਿਆ ਪਰ ਸਾਡੇ ਵੱਡੇ ਤਾਏ ਦੇ ਲੜਕੇ ਨੇ ਆਪਣੇ ਛੋਟੇ ਭਰਾ ਕੋਲੋ ਉਲਟਾ ਮੇਰੇ ਤੇ ਵੀ ਪੁਲਿਸ ਚੌਂਕੀ ਦਰਖਾਸਤ ਦਵਾ ਦਿੱਤੀ ਕਿ ਇਹ ਸਾਡੀਆਂ ਕੁੜੀਆਂ ਪਿੱਛੇ ਭਜਦਾ ਰਿਹਾ ਹੈ ਜਦਕਿ ਉਹ ਰਿਸ਼ਤੇ ਵਿਚ ਮੇਰੀਆਂ ਕੁੜੀਆਂ ਵਰਗੀਆਂ ਲਗਦੀਆਂ ਸਨ ਤੇ ਮੈਂ ਉਨ੍ਹਾਂ ਦਾ ਚਾਚਾ । ਮਨ ਬਹੁਤ ਦੁਖੀ ਹੋਇਆਂ ਪਿੰਡ ਦੇ ਲੋਕ ਮੈਨੂੰ ਕਹਿਣ ਲੱਗੇ ਕਿ ਜ਼ਮੀਨ ਦੀ ਵੰਡ ਤੇ ਲੜਾਈ ਨੇ ਤੁਹਾਡੇ ਪਰਿਵਾਰ ਵਿਚ ਕਿਹੋ ਜਿਹੀ ਕੁੜੱਤਣ ਭਰ ਦਿੱਤੀ ਹੈ ਤੇ ਏਨੇ ਘਟੀਆਂ ਇਲਜ਼ਾਮ ਤੇਰੇ ਤੇ ਲਗਾਏ ਜਾ ਰਹੇ ਹਨ । ਅਸੀਂ ਤਾਏ ਚਾਚੇ ਸਾਰੇ ਮਿਲਾਂ ਕੇ ਕੁੱਲ 13 ਜਾਣੇ ਪਰਿਵਾਰ ਦੇ ਆਦਮੀ ਹਾਂ ਤੇ ਜਿਸ ਕਾਰਨ ਸਾਡਾ ਪਿੰਡ ਵੀ ਚੰਗਾ ਪ੍ਰਭਾਵ ਬਣਿਆ ਹੋਇਆ ਸੀ ਜੋ ਸਾਡੀ ਜ਼ਮੀਨ ਦੀ ਵੰਡ ਨੇ ਸਭ ਖਤਮ ਕਰ ਦਿੱਤਾ । ਹੱਥੋਂ ਪਾਈ ਵਿਚ ਛੋਟੇ ਤਾਏ ਦੇ ਦੋਵੇ ਲੜਕਿਆਂ ਨੂੰ ਵੱਡੇ ਤਾਏ ਦੇ ਪਰਿਵਾਰ ਵਾਲਿਆਂ ਨੇ ਕਾਫੀ ਕੁੱਟ ਮਾਰ ਕੀਤੀ ਜਿਸ ਕਾਰਨ ਮੁੱਕਦਮਾ ਦਰਜ਼ ਹੋ ਗਿਆ । ਸਾਡੇ ਪਰਿਵਾਰ ਦਾ ਇਤਫਾਕ ਬਿਲਕੁਲ ਖਤਮ ਹੋ ਚੁੱਕਾ ਸੀ ਤੇ ਵੱਡੇ ਤਾਏ ਦਾ ਇੱਕ ਵਿਚਕਾਰ ਵਾਲਾ ਲੜਕਾ ਜੋ ਸੱਚੀ ਗੱਲ ਕਰਦਾ ਸੀ । ਉਸਦੇ ਵੱਡੇ ਭਰਾ ਨੇ ਆਪਣੇ ਪਿਤਾ ਨੂੰ ਉਸਦੇ ਖਿਲਾਫ ਭੜਕਾ ਦਿੱਤਾ ਕਿ ਉਹ ਵੀ ਛੋਟੇ ਤਾਏ ਨਾਲ ਸਹਿਮਤ ਹੈ । ਗੱਲ ਏਨੀ ਵੱਧ ਗਈ ਕਿ ਵੱਡੇ ਤਾਏ ਦੇ ਵੱਡੇ ਲੜਕੇ ਨੇ ਆਪਣੇ ਹੀ ਛੋਟੇ ਭਰਾ ਦੀ ਜ਼ਮੀਨ ਲੈਣ ਲਈ ਕਈਆਂ ਚਾਲਾਂ ਚਲਾਈਆਂ ਤੇ ਆਪਣੇ ਪਿਤਾ ਨੂੰ ਆਪਣੇ ਹੱਥਾਂ ਵਿਚ ਲੈਣ ਦਾ ਪੂਰਾ ਯਤਨ ਕੀਤਾ ।

ਪਰ ਉਹ ਆਪਣੇ ਮਾੜੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋ ਸਕਿਆ ਤੇ ਉਸ ਨੇ ਸਾਰੇ ਸਹੀ ਸਲਾਹ ਦੇਣ ਵਾਲੇ ਰਿਸ਼ਤੇਦਾਰਾਂ ਨਾਲ ਮਿਲਣ ਵਰਤਣ ਬੰਦ ਕਰਵਾ ਦਿੱਤਾ।

ਇਲਾਕੇ ਵਿਚ ਮੰਨਿਆ ਨਾਮਵਰ ਵਿਅਕਤੀ ਮਾੜੇ ਪੁੱਤਰ ਤੇ ਪੋਤਰੇ ਦੇ ਹੁਕਮ ਦਾ ਰੋਟੀ ਖਾਣ ਖਾਤਰ ਪਾਬੰਦ ਹੋ ਕੇ ਰਹਿ ਗਿਆ ।ਜਦਕਿ ਸਾਡੇ ਤਾਏ ਦੀ ਸੇਵਾ ਵੀ ਸਭ ਤੋਂ ਜ਼ਿਆਦਾ ਸਮਾਂ ਵਿਚਕਾਰ ਵਾਲੇ ਲੜਕੇ ਨੇ ਕੀਤੀ ਸੀ ।

ਕੁਝ ਦਿਨ ਪਹਿਲਾਂ 18 ਅਪ੍ਰੈਲ 2021 ਨੂੰ ਸਾਡਾ ਵੱਡਾ ਤਾਇਆ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਿਹਾ ਗਿਆ ਤੇ ਅਸੀਂ ਸਾਡੇ ਸੋਚਿਆਂ ਕਿ ਜ਼ਮੀਨਾਂ ਖਾਤਰ ਭਾਵੇਂ ਅਸੀਂ ਇੱਕ ਦੂਜੇ ਨੂੰ ਗੱਲਾਂ ਕਰਦੇ ਸੀ ਪਰ ਇਸ ਵਕਤ ਇਨਸਾਨੀਅਤ ਤੇ ਖ਼ੂਨ ਦੇ ਰਿਸ਼ਤੇ ਨੂੰ ਮੁੱਖ ਰੱਖਣਾ ਹੈ ਤੇ ਆਪਾ ਸਾਰਿਆਂ ਨੇ ਉਨ੍ਹਾਂ ਦੇ ਘਰ ਜਾਣਾ ਹੈ । ਕਿਉਂਕਿ ਇੱਕ ਕਹਾਵਤ ਵੀ ਹੈ ਟੁੱਟੀਆਂ ਬਾਹਾਂ ਆਪਣੇ ਗਲ ਨੂੰ ਆਉਂਦੀਆਂ ਹਨ । ਅਸੀਂ ਸਾਰੇ ਜਾਣੇ ਇੱਕਠੇ ਹੋ ਕੇ ਉਨ੍ਹਾਂ ਦੇ ਘਰ ਗਏ ਪਰ ਮ੍ਰਿਤਕ ਤਾਏ ਦੇ ਵੱਡੇ ਲੜਕੇ ਤੇ ਅੱਗੋਂ ਉਸ ਦੇ ਲੜਕੇ ਨੇ ਸਾਨੂੰ ਸਾਰਿਆਂ ਨੂੰ ਆਪਣੇ ਘਰ ਵੜਨ ਨਹੀਂ ਦਿੱਤਾ । ਮ੍ਰਿਤਕ ਤਾਏ ਦੇ ਵਿਚਕਾਰ ਵਾਲੇ ਲੜਕੇ ਨੂੰ ਵੀ ਆਪਣੇ ਘਰ ਨਹੀਂ ਵੜਨ ਨਹੀਂ ਦਿੱਤਾ । ਜਦੋਂ ਕਿ ਭਾਵੇਂ ਕਿੰਨੀ ਵੀ ਵੱਡ ਫੱਟ ਹੋਈ ਹੋਵੇ ਪਰ ਦੁੱਖ ਵਕਤ ਆਪਣੇ ਨੇੜੇ ਆ ਹੀ ਜਾਂਦੇ ਹਨ ਪਰ ਸਾਡੇ ਤਾਏ ਦੇ ਵੱਡੇ ਲੜਕੇ ਦੇ ਪਰਿਵਾਰ ਦੀ ਮਾੜੀ ਸੋਚ ਹੀ ਕਹਿ ਸਕਦੇ ਹਾਂ ਜਿਸ ਨੇ ਦੁੱਖ ਸਮੇਂ ਵੀ ਸਾਨੂੰ ਬਾਹਰੋ ਮੋੜ ਦਿੱਤਾ । ਦੁਨੀਆਂ ਦੀਆਂ ਕਹਾਵਤਾਂ ਹਨ ਦੁਸ਼ਮਣ ਵੀ ਘਰ ਆ ਜਾਵੇ ਲੋਕ ਉਸ ਨੂੰ ਚਾਹ ਪਾਣੀ ਪਿਲਾ ਕੇ ਭੇਜਦੇ ਹਨ ਤੇ ਘਰ ਆਏ ਨੂੰ ਕੋਈ ਮਾੜੀ ਗੱਲ ਨਹੀਂ ਕਰਦਾ ਹੈ । ਇਹ ਸਭ ਕਹਾਵਤਾਂ ਝੂਠੀਆਂ ਸਾਬਤ ਹੋਈਆਂ ।

ਸਾਨੂੰ ਸਾਡੇ ਪਿੰਡ ਦੇ ਲੋਕ ਤੇ ਰਿਸ਼ਤੇਦਾਰ ਕਹਿਣ ਲੱਗੇ ਕਿ ਚਲੋ ਅਸੀਂ ਸਾਰੇ ਤੁਹਾਨੂੰ ਆਪਣੇ ਨਾਲ ਲੈ ਕੇ ਇੱਕ ਵਾਰ ਫਿਰ ਜਾਂਵਾਗੇ ਪਰ ਉਨ੍ਹਾਂ ਫਿਰ ਉਕਤ ਪਰਿਵਾਰ ਨੇ ਸਾਨੂੰ ਆਪਣੇ ਗੇਟ ਅੱਗਿਉ ਮੋੜ ਦਿੱਤਾ । ਫਿਰ ਅਸੀਂ ਸੋਚਿਆਂ ਕਿ ਚਲੋ ਸ਼ਮਸਾਨ ਘਾਟ ਜਾਵਾਂਗੇ ਤੇ ਉਥੇ ਮ੍ਰਿਤਕ ਤਾਏ ਦੇ ਅੰਤਿਮ ਦਰਸ਼ਨ ਕਰ ਲਵਾਂਗੇ । ਅਸੀਂ ਸਾਰੇ ਮੈਂਬਰ ਉਥੇ ਗਏ ਤੇ ਪਰ ਸਾਨੂੰ ਫਿਰ ਅੰਤਿਮ ਦਰਸ਼ਨ ਨਾ ਕਰਨ ਦਿੱਤੇ ।

ਸਭ ਤੋਂ ਵੱਧ ਮਾੜੀ ਘਟਨਾ ਉਦੋਂ ਹੋ ਗਈ ਜਦੋਂ ਮ੍ਰਿਤਕ ਤਾਏ ਦੇ ਵਿਚਕਾਰ ਵਾਲੇ ਲੜਕੇ ਤੇ ਉਸ ਦੀ ਘਰਵਾਲੀ ਨੇ ਦਰਸ਼ਨ ਕਰਨੇ ਚਾਹੇ ਤਾਂ ਉਸਦੇ ਭਤੀਜੇ ਨੇ ਧੱਕਾ ਮਾਰ ਦਿੱਤਾ ਤੇ ਮੂੰਹ ਤੇ ਚੇਪੜਾਂ ਮਾਰੀਆਂ ਜਿਸ ਨਾਲ ਅੰਤਿਮ ਸੰਸਕਾਰ ਕਰਨ ਮੌਕੇ ਹਾਜ਼ਰ ਲੋਕਾਂ ਦੇ ਮਨਾਂ ਤੇ ਬਹੁਤ ਮਾੜਾ ਅਸਰ ਪਿਆ । ਲੋਕ ਵੀ ਵੱਖ-ਵੱਖ ਤਰ੍ਹਾਂ ਦੀਆਂ ਗੱਲ ਕਰ ਰਹੇ ਸਨ ਕਿ ਇਹ ਜ਼ਮੀਨਾਂ ਸਭ ਏਥੇ ਹੀ ਰਹਿ ਜਾਣੀਆਂ ਹਨ ਅੱਜ ਤੱਕ ਦੇ ਇਤਿਹਾਸ ਵਿਚ ਕਿਸੇ ਨਾਲ ਸੂਈ ਵੀ ਨਹੀਂ ਗਈ ।ਲੋਕ ਇਹ ਵੀ ਕਹਿੰਦੇ ਸੁਣੇ ਕਿ ਜੱਟ ਦੀ ਮੜ੍ਹੀ ਰੋਲ ਦਿੱਤੀ ਹੈ । ਸਿਵੇ ਨੂੰ ਛੇਤੀ ਹੀ ਠੰਡਾ ਕਰਕੇ ਉਸੇ ਦਿਨ ਰਾਤ ਨੂੰ ਫੁੱਲ ਵੀ ਚੁਣ ਲਏ ਗਏ ।

ਏਥੇ ਇਹ ਵੀ ਜ਼ਿਕਰਯੋਗ ਹੈ ਕਿ ਸਾਡਾ ਮ੍ਰਿਤਕ ਤਾਇਆ ਨਿਤਨੇਮ ਦਾ ਪੱਕਾ ਧਾਰਨੀ ਸੀ ਤੇ ਹਰ ਰੋਜ਼ ਸਵੇਰੇ ਪਹਿਲੇ ਪਹਿਰ ਜ਼ੁਬਾਨੀ ਪਾਠ ਕਰਦਾ ਸੀ ਤੇ ਇਲਾਕੇ ਮੋਹਤਬਰ ਵਿਆਕਤੀ ਸੀ। ਪਰ ਉਸ ਦੇ ਇੱਕ ਲੜਕੇ ਨੇ ਲਾਲਚ ਖਾਤਰ ਉਸ ਦਾ ਮਰਨਾ ਵੀ ਖਰਾਬ ਕਰ ਦਿੱਤਾ ਤੇ ਸ਼ਮਸਾਨ ਘਾਟ ਵਿਚ ਹੱਥੋਂ ਪਾਈ ਕਰਵਾ ਕੇ ਇਕ ਮਾੜਾ ਇਤਿਹਾਸ ਰਚ ਦਿੱਤਾ ਜੋ ਕਦੇ ਵੀ ਸਾਫ ਨਹੀਂ ਹੋਵੇਗਾ ।ਸਾਡੇ ਘਰਾਂ ਵਿਚ ਅਫਸੋਸ ਕਰਨ ਆਉਦੇ ਲੋਕ ਵੀ ਮਾੜੀ ਘਟਨਾ ਤੇ ਫਿਟਕਾਰ ਪਾਉਦੇ ਰਹੇ।

ਅਖੀਰ ਵਿਚ ਮੈਂ ਏਹੋ ਕਹਿਣਾ ਚਾਹੁੰਦਾਂ ਕਿ ਜ਼ਮੀਨਾਂ, ਪੈਸਾ, ਸ਼ੌਹਰਤ ਸਭ ਦੁਨੀਆਂ ਵਿਚ ਰਹਿ ਜਾਣ ਵਾਲੀਆਂ ਚੀਜ਼ਾਂ ਹਨ ਤੇ ਇਹ ਸਦਾ ਨਾਲ ਨਹੀਂ ਰਹਿੰਦੀਆਂ ਇਸ ਕਰਕੇ ਹਰੇਕ ਨਾਲ ਚੰਗੇ ਰਿਸ਼ਤੇ ਬਣਾ ਕੇ ਰੱਖਣੇ ਚਾਹੀਦੇ ਤੇ ਸਿਆਣੇ ਬੰਦੇ ਦੀ ਗੱਲ ਵੀ ਜ਼ਰੂਰ ਮੰਨਣੀ ਚਾਹੀਦੀ । ਪ੍ਰਮਾਤਮਾ ਦਾ ਭੈਅ ਵੀ ਜ਼ਰੂਰ ਰੱਖਣਾ ਚਾਹੀਦਾ ਹੈ ਜੋ ਆਪਣਾ ਬਣਦਾ ਹੱਕ ਹੈ ਉਹੀ ਲੈਣਾ ਚਾਹੀਦਾ ਹੈ ਤੇ ਰੱਬ ਦੇ ਦਿੱਤੇ ਵਿਚ ਸਬਰ ਸੰਤੋਖ ਰੱਖਣਾ ਚਾਹੀਦਾ ਹੈ । ਦੂਜੇ ਦੀ ਚੜ੍ਹਤ, ਸੌਹਰਤ, ਜ਼ਮੀਨ, ਪੈਸਾ ਆਦਿ ਦੇਖ ਕੇ ਮਨ ਬਦਲਣਾ ਨਹੀਂ ਚਾਹੀਦਾ । ਪ੍ਰਮਾਤਮਾ ਦੇ ਦਿੱਤਿਆਂ ਹੀ ਸਭ ਕਾਰਜ਼ ਰਾਸ ਹੁੰਦੇ ਹਨ ।

# ਜਨਮ ਦਿਨ ’ਤੇ ਵਿਸ਼ੇਸ਼: ਰਾਮਗੜ੍ਹੀਆ ਮਿਸਲ ਦੇ ਬਾਨੀ : ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ

ਡਾ. ਚਰਨਜੀਤ ਸਿੰਘ ਗੁਮਟਾਲਾ,
9417533060

ਜਦ ਅਸੀਂ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਪਿਛੋਕੜ ਬਾਰੇ ਝਾਤ ਪਾਉਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹ ਸਾਰਾ ਪਰਿਵਾਰ ਹੀ ਗੁਰੂ ਘਰ ਨੂੰ ਸਮਰਪਿਤ ਸੀ। ਇਨ੍ਹਾਂ ਦੇ ਦਾਦਾ ਭਾਈ ਹਰਦਾਸ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ। ਉਹ ਪਹਿਲਾਂ ਗੁਰੂ ਜੀ ਦੀ ਫ਼ੌਜ ਵਿੱਚ ਇਕ ਜੁਝਾਰੂ ਸਿਪਾਹੀ ਦੇ ਰੂਪ ਵਿੱਚ ਲੜਦਾ ਰਿਹਾ ਅਤੇ ਫਿਰ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ ਜਾ ਮਿਲਿਆ ਅਤੇ ਅੰਤ ਵਿੱਚ ਬੰਦਾ ਸਿੰਘ ਬਹਾਦਰ ਦੀ ਬਜਵਾੜੇ ਦੀ ਲੜਾਈ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਹਰਦਾਸ ਸਿੰਘ ਦਾ ਆਪਣੇ ਪੁੱਤਰ ਗਿਆਨੀ ਭਗਵਾਨ ਸਿੰਘ ਉਪਰ ਡੂੰਘਾ ਪ੍ਰਭਾਵ ਸੀ। ਉਹ ਆਪਣੇ ਸਮਿਆਂ ਸਮੇਂ ਮੰਨਿਆ ਹੋਇਆ ਧਾਰਮਿਕ ਪ੍ਰਚਾਰਕ ਸੀ। ਅਬਦੁੱਸ ਸਮਦ ਦੀ 1727 ਈ. ਵਿੱਚ ਮੌਤ ਤੋਂ ਬਾਅਦ ਉਸ ਦਾ ਪੁੱਤਰ ਜ਼ਕਰੀਆ ਖਾਨ ਲਾਹੌਰ ਦਾ ਗਵਰਨਰ ਬਣਿਆ ਜੋ ਪਿਉ ਤੋਂ ਕਿਤੇ ਵੱਧ ਜ਼ਾਲਮ ਸੀ। ਉਸ ਸਮੇਂ ਗਿਆਨੀ ਭਗਵਾਨ ਸਿੰਘ ਵਰਗਿਆਂ ਦਾ ਜਿਊਣਾ ਬਹੁਤ ਮੁਸ਼ਕਲ ਸੀ। ਇਨ੍ਹਾਂ ਸਮਿਆਂ ਵਿੱਚ ਹੀ ਉਸ ਦੇ ਪਿਤਾ ਭਾਈ ਹਰਨਾਮ ਸਿੰਘ ਆਪਣੀ ਜੱਦੀ ਪਿੰਡ ਸੁਰ ਸਿੰਘ ਛੱਡ ਕੇ ਲਾਹੌਰ ਦੇ ਪੂਰਬ ਦੇ ਪਾਸੇ ਬਾਰਾਂ ਮੀਲਾਂ ਦੀ ਵਿੱਥ ਈਚੋ ਗਿੱਲ ਪਿੰਡ ਆ ਗਏ। ਭਾਈ ਹਰਦਾਸ ਸਿੰਘ ਗੁਰੂ ਗੋਬਿੰਦ ਸਿੰਘ ਦੀ ਫੌਜ ਲਈ ਸ਼ਸਤਰ ਬਣਾਉਂਦੇ ਰਹੇ ਤੇ ਹੋਰ ਸੇਵਾ ਵੀ ਕਰਦੇ ਰਹੇ।

ਗਿਆਨੀ ਭਗਵਾਨ ਸਿੰਘ ਦੇ ਘਰ ਪੰਜ ਪੁੱਤਰ ਜੱਸਾ ਸਿੰਘ, ਜੈ ਸਿੰਘ, ਖੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ ਪੈਦਾ ਹੋਏ। ਇਨ੍ਹਾਂ ਵਿੱਚੋਂ ਜੱਸਾ ਸਿੰਘ ਸਭ ਤੋਂ ਵੱਡਾ ਸੀ ਤੇ ਉਸ ਦਾ ਜਨਮ 1723 ਈ. ਵਿੱਚ ਹੋਇਆ। ਘਰ ਵਿੱਚ ਹੀ ਉਨ੍ਹਾਂ ਨੇ ਆਪਣੇ ਪਿਤਾ ਪਾਸੋਂ ਗੁਰਮੁੱਖੀ ਸਿੱਖੀ, ਜਿਸ ਕਰਕੇ ਉਹ ਛੇਤੀ ਹੀ ਨਿਤਨੇਮ ਦਾ ਪਾਠ ਕਰਨਾ ਸਿੱਖ ਗਿਆ ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਦੇ ਯੋਗ ਹੋ ਗਿਆ। ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਆਪਣੀ ਪੁਸਤਕ ‘ਸ. ਜੱਸਾ ਸਿੰਘ ਰਾਮਗੜ੍ਹੀਆ’ ਵਿੱਚ ਲਿਖਦੇ ਹਨ ਕਿ ਉਨ੍ਹਾਂ ਨੇ ਸ. ਗੁਰਦਿਆਲ ਸਿੰਘ ਪੰਜਵੜ, ਹੱਥੋਂ ਪਾਹੁਲ ਲਈ ਸੀ। ਜੱਸਾ ਸਿੰਘ ਦੀ ਸ਼ਾਦੀ ਸ੍ਰੀ ਮਤੀ ਗੁਰਦਿਆਲ ਕੌਰ ਨਾਲ ਹੋਈ, ਜਿਸ ਤੋਂ ਉਸ ਦੇ ਘਰ ਦੋ ਪੁੱਤਰਾਂ ਜੋਧ ਸਿੰਘ ਤੇ ਵੀਰ ਸਿੰਘ ਨੇ ਜਨਮ ਲਿਆ।

1738 ਵਿੱਚ ਜਦ ਜ਼ਕਰੀਆ ਖਾਨ ਨੂੰ ਪਤਾ ਲੱਗਾ ਕਿ ਨਾਦਰਸ਼ਾਹ ਮਾਰੋਮਾਰ ਕਰਦਾ ਪੰਜਾਬ ਉੱਤੇ ਚੜ੍ਹਿਆ ਆ ਰਿਹਾ ਹੈ ਤਾਂ ਉਸ ਨੇ ਬਹਾਦਰ ਸਿੱਖਾਂ ਨਾਲ ਸੁਲਾਹ ਕਰਨ ਵਿੱਚ ਆਪਣਾ ਭਲਾ ਸਮਝਿਆ। ਉਸ ਨੇ ਸਿੱਖਾਂ ਨੂੰ ਇੱਕ ਜਗੀਰ ਤੇ ਖ਼ਿਲਅਤ ਪੇਸ਼ ਕੀਤੀ ਜੋ ‘ਦਲ ਖ਼ਾਲਸਾ’ ਨੇ ਸਰਬ ਸੰਮਤੀ ਨਾਲ ਪ੍ਰਵਾਨ ਕਰਕੇ ਨਵਾਬ ਕਪੂਰ ਸਿੰਘ ਦੇ ਹਵਾਲੇ ਕਰ ਦਿੱਤੀ। ਇਸ ਫੈਸਲੇ ਅਨੁਸਾਰ ਬਹੁਤ ਸਾਰੇ ਸਿੰਘ ਨਾਦਰਸ਼ਾਹ ਨੇ ਵਿਰੁੱਧ ਲੜਨ ਲਈ ਫੌਜ ਵਿੱਚ ਭਰਤੀ ਹੋ ਗਏ। ਭਾਈ ਭਗਵਾਨ ਸਿੰਘ ਤੇ ਜੱਸਾ ਸਿੰਘ ਵੀ ਇਨ੍ਹਾਂ ਵਿੱਚ ਸ਼ਾਮਲ ਸਨ।

ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੀਆਂ ਫੌਜਾਂ ਦਾ ਟਾਕਰਾ 1738 ਈ. ਵਿੱਚ ਵਜ਼ੀਰਾਬਾਦ (ਜ਼ਿਲ੍ਹਾ ਗੁਜਰਾਂਵਾਲਾ ਪਾਕਿ-ਸਤਾਨ) ਦੇ ਨੇੜੇ ਹੋਇਆ। ਇਸ ਲੜਾਈ ਵਿੱਚ ਭਗਵਾਨ ਸਿੰਘ ਤੇ ਜੱਸਾ ਸਿੰਘ ਨੇ ਬੜੀ ਬਹਾਦਰੀ ਵਿਖਾਈ, ਜਿਸ ਦਾ ਜ਼ਕਰੀਆ ਖ਼ਾਂ ਉੱਤੇ ਬੜਾ ਪ੍ਰਭਾਵ ਪਿਆ। ਅੰਤ ਵਿੱਚ ਗਿਆਨੀ ਭਗਵਾਨ ਸਿੰਘ ਨੇ ਸ਼ਹੀਦੀ ਪ੍ਰਾਪਤ ਕੀਤੀ। ਜ਼ਕਰੀਆ ਖਾਂ ਨੇ ਭਾਈ ਭਗਵਾਨ ਦੇ ਪਰਿਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜ ਪਿੰਡ-ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਤੇ ਚੱਬਾ ਦੀ ਜਾਗੀਰ ਦੇ ਦਿੱਤੀ ਅਤੇ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ ਦੇ ਦਿੱਤੀ। ਜਾਗੀਰ ਵਿੱਚੋਂ ਵੱਲਾ ਪਿੰਡ ਜੱਸਾ ਸਿੰਘ ਦੇ ਹਿੱਸੇ ਆਇਆ। ਇਸ ਪਿੰਡ ਵਿੱਚ ਰਹਿੰਦਿਆਂ ਉਸ ਦੀ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ ਨਾਲ ਹੱਦਾਂ ਦੀ ਵੰਡ ਨੂੰ ਲੈ ਕੇ ਨੌਰੰਗਾਬਾਦ ਦੇ ਸਥਾਨ ‘ਤੇ ਲੜਾਈ ਹੋਈ ਜੋ ਕਿ ਵੱਲੇ ਦੀ ਲੜਾਈ ਕਰਕੇ ਮਸ਼ਹੂਰ ਹੈ।

1745 ਈ. ਵਿੱਚ ਜ਼ਕਰੀਆਂ ਖਾਂ ਦੀ ਮੌਤ ਹੋ ਗਈ। ਉਸ ਦੇ ਪੁੱਤਰ ਸ਼ਾਹ ਨਵਾਜ਼ ਖਾਂ ਤੇ ਯਹੀਆ ਖਾਂ ਪੰਜਾਬ ਦੇ ਹਾਕਮ ਬਣਨ ਲਈ ਆਪਸ ਵਿੱਚ ਲੜ ਪਏ। ਸਿੱਖਾਂ ਨੂੰ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲ ਗਿਆ। ਉਹ ਜੰਗਲਾਂ ਵਿੱਚੋਂ ਛੋਟੇ ਛੋਟੇ ਜਥੇ ਬਣਾ ਕੇ ਥਾਂ ਥਾਂ ਛਾਪੇ ਮਾਰਨ ਲੱਗੇ। ਸਰਦਾਰ ਕਪੂਰ ਸਿੰਘ ਨੇ ਪਹਾੜਾਂ, ਜੰਗਲਾਂ ਤੇ ਬਰੇਤਿਆਂ ਵਿੱਚ ਲੁਕੇ ਸਮੂਹ ਸਿੱਖਾਂ ਨੂੰ ਅੰਮ੍ਰਿਤਸਰ ਇਕੱਤਰ ਹੋਣ ਲਈ ਖ਼ਬਰ ਪਹੁੰਚਾ ਦਿੱਤੀ। ਅੰਮ੍ਰਿਤਸਰ ਵਿੱਚ ਹੋਈ ਸਿੱਖਾਂ ਦੀ ਇਕੱਤਰਤਾ ਵਿੱਚ ਸਿੱਖਾਂ ਦੀ ਇੱਕ ਕੇਂਦਰੀ ਜਥੇਬੰਦੀ ਕਾਇਮ ਕੀਤੀ ਗਈ। ਜਿਸ ਦਾ ਨਾਂ ‘ਦਲ ਖ਼ਾਲਸਾ’ ਰੱਖਿਆ ਗਿਆ। ਦਲ ਖ਼ਾਲਸਾ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ। ਚਾਲੀ ਸਾਲ ਤੋਂ ਉਪਰ ਉਮਰ ਵਾਲਿਆਂ ਨੂੰ ‘ਬੁੱਢਾ ਦਲ’ ਦਾ ਨਾਂ ਤੇ ਚਾਲੀ ਸਾਲ ਤੋਂ ਘੱਟ ਵਾਲਿਆਂ ਨੂੰ ‘ਤਰੁਣਾ ਦਲ’ ਦਾ ਨਾਂ ਰੱਖਿਆ ਗਿਆ। ਬੁੱਢਾ ਦਲ ਦਾ ਕੰਮ ਪ੍ਰਚਾਰ ਕਰਨਾ ਸੀ ਤੇ ਇਸ ਦੀ ਜੁੰਮੇਵਾਰੀ ਨਵਾਬ ਕਪੂਰ ਸਿੰਘ ਨੂੰ ਸੌਂਪੀ ਗਈ। ਤਰੁਣਾ ਦਲ ਦਾ ਜ਼ਿੰਮਾ ਸਿੱਖਾਂ ਉਪਰ ਹੁੰਦੇ ਜ਼ੁਲਮਾਂ ਦਾ ਟਾਕਰਾ ਕਰਨਾ ਸੀ। ਜਦੋਂ ‘ਬੁੱਢਾ ਦਲ’ ਦੀ ਗਿਣਤੀ 12 ਹਜ਼ਾਰ ਤੱਕ ਵੱਧ ਗਈ ਤਾਂ ਇਸ ਨੂੰ ਪੰਜ ਭਾਗਾਂ ਵਿੱਚ ਵੰਡ ਦਿੱਤਾ ਗਿਆ ਤੇ ਇਨ੍ਹਾਂ ਦੇ ਵੱਖ ਵੱਖ ਆਗੂ ਥਾਪ ਦਿੱਤੇ ਗਏ। ਹੌਲੀ ਹੌਲੀ ਇਨ੍ਹਾਂ ਦੀ ਗਿਣਤੀ ਬਾਰਾਂ ਹੋ ਗਈ। ਹਰੇਕ ਜਥੇ ਦਾ ਆਪਣਾ ਝੰਡਾ ਤੇ ਨਗਾਰਾ ਹੁੰਦਾ ਸੀ। ਇਸ ਤੋਂ ਬਾਅਦ ਵਿੱਚ ਫੂਲਕੀਆ ਮਿਸਲ ਸਮੇਤ ਬਾਰਾਂ ਮਿਸਲਾਂ ਰੂਪਮਾਨ ਹੋਈਆਂ। ਇਨ੍ਹਾਂ ਮਿਸਲਾਂ ਵਿੱਚੋਂ ਸਰਦਾਰ ਜੱਸਾ ਸਿੰਘ ਦੀ ਇੱਕ ਮਿਸਲ ‘ਰਾਮਗੜ੍ਹੀਆ ਮਿਸਲ’ ਦੇ ਨਾਂ ਨਾਲ ਪ੍ਰਸਿੱਧ ਹੋਈ।

ਸਿੱਖ ਛੇਤੀ ਹੀ ਆਪਣੀ ਤਾਕਤ ਦਾ ਵਿਖਾਵਾ ਕਰਨ ਲਈ ਧਾਰਮਿਕ ਤਿਉਹਾਰ ਵੱਖ ਵੱਖ ਥਾਂਵਾਂ ‘ਤੇ ਮਨਾਉਣ ਲੱਗ ਪਏ। 1747 ਈ. ਵਿੱਚ ਆਨੰਦਪੁਰ ਸਾਹਿਬ (ਜ਼ਿਲ੍ਹਾ ਰੋਪੜ) ਹੋਲੇ ਮਹੱਲੇ ਦਾ ਤੇ ਇਸੇ ਸਾਲ ਵਿਸਾਖੀ ਦੇ ਪੁਰਬ ਉੱਤੇ ਅੰਮ੍ਰਿਤਸਰ ਵਿੱਚ ਬੜਾ ਭਾਰੀ ਇਕੱਠ ਹੋਇਆ, ਜਿਸ ਵਿੱਚ ਸਰਬ ਸੰਮਤੀ ਨਾਲ ਆਪਣੇ ਕਿਲ੍ਹੇ ਉਸਾਰਨ ਦਾ ਫੈਸਲਾ ਕੀਤਾ ਗਿਆ। ਸਥਾਨ ਬਾਰੇ ਮਤਭੇਦ ਹੋਣ ਕਰਕੇ ਅੰਤ ਮਾੜੀ ਕੰਬੋਕੇ ਵਾਲੇ ਸਰਦਾਰ ਸੁੱਖਾ ਸਿੰਘ ਨੇ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ ਤੇ ਪਹਿਲਾ ਕਿਲ੍ਹਾ ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਬਨਾਉਣ ਦੀ ਅਪੀਲ ਕੀਤੀ। ਸਿੱਟੇ ਵਜੋਂ ਅੰਮ੍ਰਿਤਸਰ ਵਿੱਚ ਕਿਲ੍ਹਾ ਉਸਾਰਨ ਦਾ ਗੁਰਮਤਾ ਪਾਸ ਹੋ ਗਿਆ। ਇਹ ਕਿਲ੍ਹਾ ਛੇਤੀ ਹੀ ਉਸਰ ਗਿਆ ਤੇ ਇਸ ਦਾ ਨਾਂ ਅੰਮ੍ਰਿਤਸਰ ਦੇ ਬਾਣੀ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ ‘ਤੇ ‘ਰਾਮ ਰਾਉਣੀ’ ਰੱਖਿਆ ਗਿਆ। ਇਸ ਨੂੰ ਸਭ ਨੇ ਰਲ ਕੇ ਉਸਾਰਿਆ, ਜੱਸਾ ਸਿੰਘ ਤੇ ਉਸ ਦੇ ਕਈ ਕਿਰਤੀ (ਤਰਖਾਣ) ਸਾਥੀਆਂ ਦਾ ਵਿਸ਼ੇਸ਼ ਹੱਥ ਸੀ। ਇਸ ਵਿੱਚ ਪੰਜ ਸੌ ਸਿਪਾਹੀਆਂ ਦੇ ਰਹਿਣ ਲਈ ਜਗ੍ਹਾ ਸੀ।

ਸਿੱਖਾਂ ਦੀ ਵੱਧਦੀ ਤਾਕਤ ਵੇਖਕੇ ਮੀਰ ਮਨੂੰ ਸਿੱਖਾਂ ਨੂੰ ਆਪਣੇ ਲਈ ਖ਼ਤਰਾ ਸਮਝਦਾ ਸੀ। ਉਸ ਨੇ ਜ਼ਕਰੀਆ ਖ਼ਾਨ ਤੇ ਯਹੀਆ ਖ਼ਾਂ ਵਾਲਾ ਸਖ਼ਤੀ ਦਾ ਦੌਰ ਸ਼ੁਰੂ ਕੀਤਾ। ਸਿੱਖ ਪਹਾੜਾਂ ਤੇ ਜੰਗਲਾਂ ਨੂੰ ਨਿਕਲ ਗਏ। ਸਿੱਖਾਂ ਦੀ ਭਾਰੀ ਗਿਣਤੀ ਜਲੰਧਰ ਦੁਆਬੇ ਵਿੱਚ ਜਾ ਵੱਸੀ, ਜਿੱਥੋਂ ਦਾ ਫ਼ੌਜਦਾਰ ਅਦੀਨਾ ਬੇਗ ਸੀ। ਉਹ ਬਹੁਤ ਸਿਆਣਾ ਤੇ ਚਤਰ ਹਾਕਮ ਸੀ। ਉਸ ਦਾ ਖ਼ਿਆਲ ਸੀ ਕਿ ਸਿੱਖਾਂ ਦੇ ਖ਼ਤਮ ਹੁੰਦਿਆਂ ਲਾਹੌਰ ਦੇ ਸੂਬੇਦਾਰ ਦੀ ਤਾਕਤ ਬਹੁਤ ਵੱਧ ਜਾਵੇਗੀ। ਇਸ ਲਈ ਉਸ ਨੇ ਸਿੱਖਾਂ ਨੂੰ ਖ਼ਤਮ ਕਰਨ ਦੀ ਥਾਂ ‘ਤੇ ਸਿੱਖਾਂ ਨਾਲ ਸੁਲਾਹ ਕਰਨੀ ਸ਼ੁਰੂ ਕੀਤੀ। ਸ. ਜੱਸਾ ਸਿੰਘ ਆਹਲੂਵਾਲੀਏ ਨੇ ਤਾਂ ਨਾਂਹ ਕਰ ਦਿੱਤੀ ਪਰ ਜੱਸਾ ਸਿੰਘ ਈਚੋਗਿਲੀਏ ਉਸ ਦੀ ਨੌਕਰੀ ਕਰਨੀ ਪ੍ਰਵਾਨ ਕਰ ਲਈ। ਉਸ ਨੂੰ ਇਕ ਸੌ ਸਿੱਖਾਂ ਤੇ ਸੱਠ ਹਿੰਦੂਆਂ ਦੀ ਇਕ ਪਲਟਨ ਦਾ ਮੁੱਖੀਆ ਨਿਯੁਕਤ ਕਰ ਦਿੱਤਾ।

ਸਿੱਖਾਂ ਨੂੰ ਖ਼ਤਮ ਕਰਨ ਲਈ ਮਨੂੰ ਨੇ ਅਦੀਨਾ ਬੇਗ ਨੂੰ ਕੁਝ ਦਸਤੇ ਭੇਜਣ ਦੀ ਮੰਗ ਕੀਤੀ। ਅਦੀਨਾ ਬੇਗ ਨੇ ਜਿਹੜੇ ਦਸਤੇ ਭੇਜੇ ਉਨ੍ਹਾਂ ਵਿੱਚ ਜੱਸਾ ਸਿੰਘ ਦਾ ਦਸਤਾ ਵੀ ਸ਼ਾਮਲ ਸੀ।ਫ਼ੌਜ ਨੇ ਅੰਮ੍ਰਿਤਸਰ ਦੇ ‘ਰਾਮ ਰੌਣੀ’ ਨੂੰ ਘੇਰੇ ਵਿੱਚ ਲੈ ਲਿਆ। ਇਹ ਘੇਰਾ ਚਾਰ ਮਹੀਨੇ ਅਕਤੂਬਰ 1748 ਤੋਂ ਜਨਵਰੀ 1749 ਈ. ਤੀਕ ਰਿਹਾ। ਇੱਕ ਰਾਤ ਜੱਸਾ ਸਿੰਘ ਅਦੀਨਾ ਬੇਗ ਦੀਆਂ ਫੌਜਾਂ ਵਿੱਚੋਂ ਨਿਕਲ ਕੇ ਕਿਲ੍ਹੇ ਅੰਦਰ ਚਲਾ ਗਿਆ ਤੇ ਅੰਦਰਲੀ ਫ਼ੌਜ ਦੀ ਕਮਾਨ ਆਪਣੇ ਹੱਥ ਸੰਭਾਲ ਲਈ। ਉਸ ਨੇ ਦੀਵਾਨ ਕੌੜਾ ਮਲ ਨੂੰ ਕਈ ਸੁਨੇਹੇ ਭੇਜੇ ਕਿ ਉਹ ਮੀਰ ਮਨੂੰ ਨੂੰ ਕਿਲ੍ਹੇ, ਨਾ ਘੇਰੇ ਚੁੱਕਣ ਦੀ ਸਲਾਹ ਦੇਵੇ। ਉਸ ਵੇਲੇ ਮੀਰ ਮਨੂੰ ਦੀ ਇੱਕ ਪਾਸੇ ਮੁਲਤਾਨ ਦੇ ਸੂਬੇਦਾਰ ਸ਼ਾਹ ਨਿਵਾਜ਼ ਖਾਂ ਨਲ ਟੱਕਰ ਲੱਗੀ ਹੋਈ ਸੀ ਤੇ ਦੂਜੇ ਪਾਸੇ ਅਹਿਮਦ ਸ਼ਾਹ ਅਬਦਾਲੀ ਵੱਲੋਂ ਹਮਲੇ ਦਾ ਖ਼ਤਰਾ ਵੱਧ ਰਿਹਾ ਸੀ, ਇਸ ਲਈ ਦੀਵਾਨ ਕੌੜਾ ਮੱਲ ਨੇ ਸਲਾਹ ਦਿੱਤੀ ਕਿ ਉਹ ਸਿੱਖਾਂ ਨਾਲ ਸਮਝੌਤਾ ਕਰ ਲਵੇ। ਇਸ ਦਾ ਸਿੱਟਾ ਇਹ ਨਿਕਲਿਆ ਕਿ ਲਾਹੌਰ ਸਰਕਾਰ ਨੇ ਸਿੱਖਾਂ ਨਾਲ ਸਮਝੌਤਾ ਕਰਨ ਤੇ ਰਾਮ ਰੌਣੀ ਦਾ ਘੇਰਾ ਚੁੱਕਣ ਦਾ ਫੈਸਲਾ ਕਰ ਲਿਆ। ਮੀਰ ਮਨੂੰ ਨੇ ਕੇਵਲ ਕਿਲ੍ਹੇ ਦਾ ਘੇਰਾ ਹੀ ਚੁੱਕਿਆ ਸਗੋਂ ਸਿੱਖਾਂ ਨੂੰ ਪੱਟੀ ਪਰਗਣੇ ਦਾ ਚੌਥਾ ਹਿੱਸਾ ਮਾਲੀਆ ਦੇਣਾ ਵੀ ਮਨਜ਼ੂਰ ਕਰ ਲਿਆ। ਇਸ ਤੋਂ ਬਾਅਦ ਰਾਮ ਰੌਣੀ ਦਾ ਨਾਂ ਬਦਲ ਕੇ ‘ਰਾਮਗੜ੍ਹ’ ਰੱਖ ਦਿੱਤਾ ਗਿਆ ਤੇ ਜੱਸਾ ਸਿੰਘ ਨੂੰ ਉਸ ਦਾ ਕਿਲ੍ਹੇਦਾਰ ਥਾਪਿਆ ਗਿਆ। ਉਸ ਦੇ ਸਾਥੀ ਉਸ ਨੂੰ ‘ਰਾਮਗੜ੍ਹੀਏ’ ਦੀ ਪਦਵੀ ਨਾਲ ਨਿਵਾਜੇ ਜਾਣ ਲੱਗੇ ਤੇ ਉਸ ਦੁਆਰਾ ਕਾਇਮ ਕੀਤੀ ਗਈ ਮਿਸਲ ‘ਰਾਮਗੜ੍ਹੀਆ ਮਿਸਲ’ ਦੇ ਨਾਂ ਨਾਲ ਮਸ਼ਹੂਰ ਹੋਈ ਅਤੇ ਸਭ ਤਰਖਾਣ ਇਸ ਨਾਂ ਨਾਲ ਸੰਬੋਧਨ ਹੋਣਾ ਫਖ਼ਰ ਤੇ ਸਤਿਕਾਰ ਦੀ ਗੱਲ ਸਮਝਣ ਲੱਗੇ।

ਰਾਮਗੜ੍ਹ ਦਾ ਕਿਲ੍ਹਾ ਜੋ ਅਠਾਰਵੀਂ ਸਦੀ ਵਿੱਚ ਸਿੱਖਾਂ ਦੀ ਸ਼ਾਨ ਤੇ ਸ਼ਕਤੀ ਦਾ ਪ੍ਰਤੀਕ ਬਣ ਚੁੱਕਾ ਸੀ, ਹਮੇਸ਼ਾਂ ਲਈ ਜੱਸਾ ਸਿੰਘ ਦੇ ਨਾਂ ਨਾਲ ਜੁੜ ਗਿਆ। ਇਸ ਤੋਂ ਬਾਅਦ ਕਈ ਵਾਰ ਮੁਗਲਾਂ ਤੇ ਪਠਾਣਾਂ ਨੇ ਇਸ ਕਿਲ੍ਹੇ ਨੂੰ ਧਰਤੀ ਨਾਲ ਮਿਲਾਇਆ ਪ੍ਰੰਤੂ ਹਰ ਵਾਰੀ ਜੱਸਾ ਸਿੰਘ ਨੇ ਪੂਰਨ ਲਗਨ ਤੇ ਪਿਆਰ ਨਾਲ ਇਸ ਦੀ ਮੁੜ ਉਸਾਰੀ ਕੀਤੀ ਅਤੇ ਇਸ ਦੇ ਨਾਂ ਅਤੇ ਹੋਂਦ ਨੂੰ ਕਾਇਮ ਰੱਖਣ ਦਾ ਮਾਣ ਉਸੇ ਨੂੰ ਮਿਲਦਾ ਰਿਹਾ।

ਭਾਰਤ ਉੱਤੇ ਅਹਿਮਦ ਸ਼ਾਹ ਅਬਦਾਲੀ ਦੇ ਤੀਸਰੇ ਹਮਲੇ ਦਾ ਇਹ ਅਸਰ ਹੋਇਆ ਕਿ ਪੰਜਾਬ ਮੁਗਲ ਸਾਮਰਾਜ ਦੇ ਹੱਥੋਂ ਨਿਕਲ ਕੇ ਪਠਾਣਾਂ ਦੇ ਕਬਜ਼ੇ ਵਿੱਚ ਆ ਗਿਆ। ਮੀਰ ਮਨੂੰ ਨੇ ਵੀ ਅਬਦਾਲੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕੌੜਾ ਮੱਲ ਜੋ ਲਾਹੌਰ ਸਰਕਾਰ ਵਿੱਚ ਸਿੱਖਾਂ ਦਾ ਮਿੱਤਰ ਸੀ, ਲੜਾਈ ਵਿੱਚ ਮਾਰਿਆ ਗਿਆ। ਮੀਰ ਮਨੂੰ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾਉਣ ਦਾ ਬੀੜਾ ਚੁਕਿਆ। ਉਹ ਖੁਦ ਵੀ ਸਿੱਖਾਂ ਨੂੰ ਕਾਬੂ ਕਰਨ ਲਈ ਆਪ ਚੜਾਈ ਕਰਦਾ। ਜਿਹੜੇ ਸਿੱਖ ਉਸ ਦੇ ਹੱਥ ਆਉਂਦੇ ਉਹ ਉਨ੍ਹਾਂ ਨੂੰ ਫੜ੍ਹ ਕੇ ਲਾਹੌਰ ਲਿਆਉਂਦਾ ਤੇ ਬੜੀ ਬੇ-ਰਹਿਮੀ ਨਾਲ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰਿਆ ਜਾਂਦਾ।

ਉਸਦਾ ਨਿਸ਼ਾਨਾ ਵੀ ਕਿਲ੍ਹਾ ਰਾਮਗੜ੍ਹ ਬਣਿਆ ਲਾਹੌਰ ਦੀਆਂ ਸਰਕਾਰੀ ਫੌਜਾਂ ਨੇ ਰਾਮਗੜ੍ਹ ਦੁਆਲੇ ਘੇਰਾ ਪਾ ਲਿਆ, ਉਸ



ਸਮੇਂ ਕਿਲ੍ਹੇ ਵਿੱਚ 900 ਸਿੱਖ ਸਨ ਜਿੰਨਾ ਦੀ ਕਮਾਨ ਜੱਸਾ ਸਿੰਘ ਹੱਥ ਸੀ। ਸਿੱਖਾਂ ਨੇ ਡੱਟ ਕੇ ਮੁਕਾਬਲਾ ਕੀਤਾ, ਪਰ ਦੁਸ਼ਮਣ ਵੀ ਵੱਡੀ ਧਾੜ ਅੱਗੇ ਬਹੁਤਾ ਸਿਰ ਟਿਕ ਨਾ ਸਕੇ ਤੇ ਉਨ੍ਹਾਂ ਨੇ ਕਿਲ੍ਹੇ ਵਿੱਚੋਂ ਬਾਹਰ ਜਾਣਾ ਹੀ ਮੁਨ-ਾਸਿਬ ਸਮਝਿਆ। ਕਿਲ੍ਹਾ ਸਰਕਾਰੀ ਕਬਜ਼ੇ ਵਿੱਚ ਆ ਗਿਆ। ਮੀਰ ਮਨੂੰ 1753 ਈ. ਵਿੱਚ ਮਰ ਗਿਆ। ਉਸ ਦੀ ਪਤਨੀ ਮੁਗਲਾਣੀ ਬੇਗਮ ਨੇ ਆਪਣੇ ਨਬਾਲਗ ਪੁੱਤਰ ਮੁਹੰਮਦ ਅਮੀਨ ਦੇ ਨਾਂ ਹੇਠ ਕਮਜ਼ੋਰ ਸਰਕਾਰ ਬਣਾਈ। ਇਸ ਨਾਲ ਪੰਜਾਬ ਵਿੱਚ ਅਸ਼ਾਂਤੀ ਵਰਤ ਗਈ ਤੇ ਸਿੱਖਾਂ ਨੂੰ ਆਪਣੀ ਤਾਕਤ ਵਧਾਉਣ ਦਾ ਮੌਕਾ ਮਿਲ ਗਿਆ ਤੇ ਜੱਸਾ ਸਿੰਘ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਮਜ਼ਬੂਤ ਕਿਲ੍ਹੇ ਦੀ ਉਸਾਰੀ ਮੁੜ ਸ਼ੁਰੂ ਕਰ ਦਿੱਤੀ ਤੇ ਥੋੜੇ ਦਿਨਾਂ ਵਿੱਚ ਹੀ ਇਹ ਕਿਲ੍ਹਾ ਉਸਰ ਗਿਆ। ਜੱਸਾ ਸਿੰਘ ਨੇ ਹੱਲਾ ਮਾਰਕੇ ਆਲੇ ਦੁਆਲੇ ਦੇ ਕੁਝ ਇਲਾਕੇ ਆਪਣੇ ਅਧਿਕਾਰ ਵਿੱਚ ਲੈ ਲਏ।

ਮੁਗਲਾਣੀ ਬੇਗਮ ਦੇ ਸੱਦੇ ‘ਤੇ ਅਬਦਾਲੀ ਨੇ 1756 ਈ. ਵਿੱਚ ਭਾਰਤ ‘ਤੇ ਫਿਰ ਹਮਲਾ ਕੀਤਾ ਅਤੇ 7 ਦਿਨ ਦਿੱਲੀ ਲੁੱਟਣ ਤੋਂ ਬਾਅਦ ਸਰਹੰਦ ਤੀਕ ਦਾ ਸਾਰਾ ਇਲਾਕਾ ਆਪਣੇ ਰਾਜ ਵਿੱਚ ਮਿਲਾ ਲਿਆ। ਉਸ ਨੇ ਆਪਣੇ ਪੁੱਤਰ ਤੈਮੂਰ ਖਾਂ ਨੂੰ ਗਵਰਨਰ ਨੀਯਤ ਕੀਤਾ ਤੇ ਜਹਾਨ ਖਾਂ ਨੂੰ ਨਾਇਬ ਥਾਪਿਆ। ਤੈਮੂਰ ਨੇ ਵੀ 1757ਈ. ਨੂੰ ਇਸ ਕਿਲ੍ਹੇ ਨੂੰ ਨਿਸ਼ਾਨਾ ਬਣਾਇਆ। ਜੱਸਾ ਸਿੰਘ ਦੀ ਅਗਵਾਈ ਵਿੱਚ ਸਿੱਖਾਂ ਡੱਟ ਕੇ ਮੁਕਾਬਲਾ ਕੀਤਾ ਪ੍ਰੰਤੂ ਵੈਰੀਆਂ ਦੀ ਵੱਡੀ ਗਿਣਤੀ ਹੋਣ ਕਰਕੇ ਪੇਸ਼ ਨਾ ਗਈ ਤੇ ਉਹ ਕਿਲ੍ਹਾ ਛੱਡ ਕੇ ਜੰਗਲਾਂ ਨੂੰ ਚਲੇ ਗਏ। ਫ਼ੌਜਾਂ ਨੇ ਨਾ ਕੇਵਲ ਕਿਲ੍ਹਾ ਢਾਹਿਆ, ਸਗੋਂ ਹਰਿਮੰਦਰ ਸਾਹਿਬ ਢੁਆ ਦਿੱਤਾ ਤੇ ਸਰੋਵਰ ਮਿੱਟੀ ਨਾਲ ਪੂਰ ਦਿੱਤਾ।

ਸਿੱਖਾਂ ਨੇ ਰਿਆਸਤ ਪਟਿਆਲਾ ਦੇ ਮੋਢੀ ਮਹਾਰਾਜਾ ਆਲਾ ਸਿੰਘ ਦੀ ਰਾਹੀਂ ਮਰਹੱਟਿਆਂ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ। ਮਰਹੱਟਿਆਂ ਦੇ ਆਗੂ ਰਘੁਨਾਥ ਰਾਓ ਦਿੱਲੀ ਪਹਿਲਾਂ ਹੀ ਫਤਹਿ ਕਰਨ ਦੇ ਬਾਅਦ ਪੰਜਾਬ ਨੂੰ ਆਉਣ ਦੀ ਸਲਾਹ ਕਰ ਰਿਹਾ ਸੀ। ਰਘੁਨਾਥ ਰਾਓ ਤੇ ਮਲ੍ਹਾਰ ਰਾਓ ਨੇ ਪੂਰਬੀ ਪੰਜਾਬ ਨੂੰ ਉਜਾੜ ਦਿੱਤਾ। ਸਿੱਖਾਂ ਨੇ ਮਰਹੱਟਿਆਂ ਦੀ ਮਦਦ ਕੀਤੀ। ਅੰਤ ਉਨ੍ਹਾਂ ਰਲ ਕੇ ਲਾਹੌਰ ਉੱਤੇ ਚੜ੍ਹਾਈ ਕੀਤੀ। ਤੈਮੂਰ ਖਾਂ ਤੇ ਉਸ ਦੇ ਨਾਇਬ ਜਹਾਨ ਖਾਂ ਨੂੰ ਭਾਰੀ ਹਾਰ ਹੋਈ ਤੇ ਉਨ੍ਹਾਂ ਨੂੰ ਵਾਪਸ ਆਪਣੇ ਦੇਸ਼ ਵੱਲ ਨੱਸਣਾ ਪਿਆ। ਮਰਹੱਟਿਆਂ ਨੇ ਅਦੀਨਾ ਬੇਗ ਨੂੰ ਪੰਜਾਬ ਦਾ ਹਾਕਮ ਥਾਪ ਦਿੱਤਾ। (ਕਪੂਰ ਪੰਨਾ 50) ਇਸ ਸਥਿਤੀ ਦਾ ਲਾਭ ਉਠਾਉਂਦੇ ਹੋਏ ਸਿੱਖਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਮੁੜ ਉਸਾਰੀ ਕੀਤੀ ਤੇ ਜੱਸਾ ਸਿੰਘ ਨੇ ਪਹਿਲਾ ਵਾਂਗ ਕਿਲ੍ਹਾ ਰਾਮਗੜ੍ਹ ਉਸਾਰ ਲਿਆ ।

ਅਦੀਨਾ ਬੇਗ ਨੂੰ ਆਪਣੀ ਨਵੀਂ ਪਦਵੀ ਲਈ ਮਰਹੱਟਿਆਂ ਨੂੰ 75 ਲੱਖ ਰੁਪਏ ਦੇਣਾ ਪੈਂਦਾ ਸੀ ਜੋ ਕਿ ਉਸ ਸਮੇਂ ਅਸ਼ਾਂਤ ਮਾਹੌਲ ਵਿੱਚ ਇਕੱਠਾ ਕਰਨਾ ਮੁਸ਼ਕਿਲ ਸੀ। ਉਸ ਨੇ ਵੀ ਸਿੱਖਾਂ ਨੂੰ ਖ਼ਤਮ ਕਰਨ ਦਾ ਦੌਰ ਸ਼ੁਰੂ ਕੀਤਾ ਤੇ ਮੀਰ ਅਜੀਜ਼ ਬਖਸ਼ੀ ਨੂੰ ਇਸ ਮੁਹਿੰਮ ਦਾ ਆਗੂ ਨੀਯਤ ਕੀਤਾ। ਉਸ ਨੇ ਵੀ ਪਹਿਲਾ ਹਮਲਾ ਅੰਮ੍ਰਿਤਸਰ ‘ਤੇ ਕੀਤਾ ਤੇ ਕਿਲ੍ਹੇ ਨੂੰ ਆਪਣੇ ਘੇਰੇ ਵਿੱਚ ਲੈ ਲਿਆ। ਇਸ ਸਮੇਂ ਜੈ ਸਿੰਘ ਕਨ੍ਹਈਆ ਵੀ ਕਿਲ੍ਹੇ ਅੰਦਰ ਮੌਜੂਦ ਸੀ। ਸਿੱਖਾਂ ਨੇ ਡੱਟ ਕੇ ਮੁਕਾਬਲਾ ਕੀਤਾ, ਪਰ ਦੁਸ਼ਮਣ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਰਕੇ ਉਨ੍ਹਾਂ ਨੂੰ ਕਿਲ੍ਹਾ ਛੱਡਣਾ ਪਿਆ। ਮੀਰ ਅਜ਼ੀਜ਼ ਬਖਸ਼ੀ ਨੇ ਕਿਲ੍ਹਾ ਢਹਿਢੇਰੀ ਕਰ ਦਿੱਤਾ।

ਅਦੀਨਾ ਬੇਗ ਦੀ 1758 ਈ. ਵਿੱਚ ਮੌਤ ਹੋ ਗਈ। 1759 ਤੋਂ 1767 ਈ. ਤੀਕ ਪੰਜਾਬ ਉੱਤੇ ਅਬਦਾਲੀ ਨੇ ਚਾਰ ਹਮਲੇ ਕੀਤੇ। ਫਰਵਰੀ 1762 ਈ. ਵਿੱਚ ਅਬਦਾਲੀ ਨੇ ਅਚਾਨਕ ਹਮਲਾ ਕਰਕੇ ਮਲੇਰ ਕੋਟਲਾ ਦੇ ਕੋਲ ਕੁੱਪ ਦੀ ਲੜਾਈ ਵਿੱਚ ਵੀਹ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਮਾਰ ਮੁਕਾਇਆ। ਰਤਨ ਸਿੰਘ ਭੰਗੂ ਨੇ ਸਿੱਖਾਂ ਦੇ ਇਸ ਇਕੱਠ ਦੀ ਗਿਣਤੀ 50 ਹਜ਼ਾਰ ਸੀ। (ਰਾਏ ਪੰਨਾ : 45) ਇਸ ਨੂੰ ਵੱਡਾ ਘਲੂਘਾਰਾ ਕਿਹਾ ਜਾਂਦਾ ਹੈ। ਦੋ ਸਾਲ ਬਾਅਦ ਸਿੱਖਾਂ ਨੇ ਅਬਦਾਲੀ ਦੇ ਨੀਅਤ ਹੋਏ ਸਰਹਿੰਦ ਦੇ ਹਾਕਮ ਜ਼ੈਨ ਖਾਂ ਨੂੰ ਮਾਰ ਕੇ ਇਸ ਦਾ ਬਦਲਾ ਲਿਆ।

ਜੱਸਾ ਸਿੰਘ ਨੇ ਮੁੜ ਕਿਲ੍ਹਾ ਰਾਮਗੜ੍ਹ ਉਸਾਰਿਆ ਤੇ ਕਿਲ੍ਹੇ ਦੇ ਨਜ਼ਦੀਕ ਇੱਕ ਬਸਤੀ ‘ਕਟੜਾ ਰਾਮਗੜ੍ਹੀਆ’ ਉਸਾਰੀ ।ਮੁੜ ਮੁੜ ਕਿਲ੍ਹੇ ਦੀ ਉਸਾਰੀ ਕਾਰਨ ਜੱਸਾ ਸਿੰਘ ਦਾ ਨਾਂ ਸਤਿਕਾਰ ਨਾਲ ‘ਰਾਮਗੜ੍ਹੀਆ’ ਕਰਕੇ ਪ੍ਰਸਿੱਧ ਹੋ ਗਿਆ।

ਵੱਡੇ ਘਲੂਘਾਰੇ ਤੋਂ ਪਿੱਛੋਂ ਸਿੱਖਾਂ ਨੇ ਵੱਡੀ ਲੜਾਈ ਦੀ ਤਿਆਰੀ ਕੀਤੀ। 17 ਅਕਤੂਬਰ 1762 ਨੂੰ ਅਬਦਾਲੀ ਅਜੇ ਲਾਹੌਰ ਵਿੱਚ ਸੀ ਕਿ ਲਗਭਗ 60 ਹਜ਼ਾਰ ਸਿੱਖ ਅੰਮ੍ਰਿਤਸਰ ਇਕੱਠੇ ਹੋਏ ਤੇ ਅਬਦਾਲੀ ਨਾਲ ਟੱਕਰ ਲੈਣ ਦਾ ਪ੍ਰਣ ਕੀਤਾ। ਅਬਦਾਲੀ ਨੂੰ ਖ਼ਬਰ ਮਿਲਦਿਆਂ ਉਸ ਨੇ ਹਮਲਾ ਕਰ ਦਿੱਤਾ। ਸਵੇਰ ਤੋਂ ਸ਼ਾਮ ਤੀਕ ਜ਼ਬਰਦਸਤ ਲੜਾਈ ਹੋਈ ਜਿਸ ਵਿੱਚ ਅਬਦਾਲੀ ਨੂੰ ਹਾਰ ਹੋਈ ਤੇ ਉਹ ਰਾਤ ਦੇ ਹਨੇਰੇ ਵਿੱਚ ਜਾਨ ਬਚਾ ਕੇ ਨੱਸ ਗਿਆ। ਉਹ ਦਸੰਬਰ 1762 ਈ. ਵਿੱਚ ਅਫ਼ਗਾਨਿਸਤਾਨ ਵਿਖੇ ਗੜਬੜ ਹੋਣ ਕਰਕੇ ਕਾਬਲ ਵਾਪਿਸ ਚਲਾ ਗਿਆ।

1764 ਵਿੱਚ ਅਹਿਮਦਸ਼ਾਹ ਅਬਦਾਲੀ ਸਿੱਖਾਂ ਨੂੰ ਸੋਧਣ ਲਈ ਪੰਜਾਬ ਆਇਆ। ਸਤਲੁਜ ਪਾਰ ਕਰਦਿਆਂ ਹੀ ਅਹਿਮਦ ਸ਼ਾਹ ਨੂੰ ਸਿੱਖ ਫ਼ੌਜਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ । ਸੱਤ ਦਿਨ ਲੜਾਈ ਹੁੰਦੀ ਰਹੀ। ਅਖ਼ੀਰ ਉਹ ਬੇਵਸ ਹੋ ਕੇ ਵਾਪਸ ਆਪਣੇ ਦੇਸ਼ ਨੂੰ ਚਲਾ ਗਿਆ। ਉਸ ਨੇ 1767 ਈ. ਵਿੱਚ ਆਖਰੀ ਹਮਲਾ ਕੀਤਾ। ਜਦ ਉਸ ਨੇ ਬਿਆਸ ਨਦੀ ਪਾਰ ਕੀਤੀ ਤਾਂ ਜੱਸਾ ਸਿੰਘ ਆਹਲੂਵਾਲੀਆ ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਡੱਟ ਕੇ ਮੁਕਾ-ਬਲਾ ਕੀਤਾ। ਇਸ ਲੜਾਈ ਵਿੱਚ ਜੱਸਾ ਸਿੰਘ ਆਹਲੂਵਾਲੀਆ ਫੱਟੜ ਹੋਇਆ ਤੇ ਉਹ ਰਾਏ ਕੋਟ ਵੱਲ ਚਲਾ ਗਿਆ ਤੇ ਫ਼ੋਜ ਦੀ ਸਾਰੀ ਕਮਾਨ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਹੱਥ ਆ ਗਈ। ਉਸ ਦੀ ਬਹਾਦਰੀ ਦੀ ਧਾਕ ਅਬਦਾਲੀ ਦੀਆਂ ਫੌਜਾਂ ਵਿੱਚ ਪੈ ਗਈ।

ਜੱਸਾ ਸਿੰਘ ਨੇ 1767 ਤੋਂ ਪਿੱਛੋਂ ਕਈ ਇਲਾਕਿਆਂ ‘ਤੇ ਕਬਜ਼ਾ ਕੀਤਾ, ਸਭ ਤੋਂ ਪਹਿਲਾਂ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਿਗੋਬਿੰਦਪੁਰ, ਸ਼ਾਹਪੁਰ ਕੰਢੀ, ਕਾਦੀਆਂ ਅਤੇ ਘੁੰਮਣ ‘ਤੇ ਕਬਜ਼ਾ ਕੀਤਾ। ਇਹ ਇਲਾਕਾ ਗੁਰਦਾਸਪੁਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿੱਚੋਂ ਸਭ ਤੋਂ ਉਪਜਾਊ ਸੀ ਇਸ ਨੂੰ ਰਿਆੜਖਕੀ ਕਰਕੇ ਸੱਦਿਆ ਜਾਂਦਾ ਸੀ। ਇਨ੍ਹਾਂ ਇਲਾਕਿਆਂ ਤੋਂ ਉਸ ਨੂੰ ਛੇ ਤੋਂ ਲੈ ਕੇ ਦੱਸ ਲੱਖ ਰੁਪਏ ਤੱਕ ਦੀ ਸਾਲਾਨਾ ਕਮਾਈ ਹੁੰਦੀ ਸੀ।

ਇਸ ਤੋਂ ਪਿੱਛੋਂ ਉਸ ਨੇ ਮੌਜੂਦਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਨਾਲ ਲੱਗਦੇ ਇਲਾਕਿਆਂ ਵੱਲ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਛੇਤੀ ਹੀ ਮਨੀਵਾਲ, ਉੜਮੜ ਟਾਂਡਾ, ਸਰਹੀ, ਮੰਗੇਵਾਲ, ਮਿਆਣੀ, ਦੀਪਾਲਪੁਰ, ਰੋਹਿਲ ਤੇ ਸ਼ਰੀਫ਼ ਜੰਗ ਆਦਿ ਇਲਾਕੇ ਆਪਣੇ ਅਧੀਨ ਕਰ ਲਏ। ਇਹ ਇਲਾਕੇ ਆਉਣ ਨਾਲ ਉਸ ਦੀ ਆਮਦਨ ਦਸ ਲੱਖ ਰੁਪਏ ਸਲਾਨਾ ਤੋਂ ਵੱਧ ਗਈ।

ਕਾਂਗੜਾ ਤੇ ਹੋਰ ਪਹਾੜੀ ਰਾਜਿਆਂ ਨੇ ਜੱਸਾ ਸਿੰਘ ਰਾਮਗੜ੍ਹੀਆਂ ਦੀ ਈਨ ਮੰਨ ਕੇ ਸਾਲਾਨ ਕਰ ਦੇਣਾ ਪ੍ਰਵਾਨ ਕਰ ਲਿਆ। ਜਸਵਾਂ, ਦੀਪਾਲਪੁਰ, ਅਨਾਰਪੁਰ, ਹਰੀਪੁਰ, ਦਾਤਾਰਪੁਰ ਤੇ ਜੇਠੋਵਾਲ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਆਪਣੇ ਅਧੀਨ ਕਰ ਲਈਆਂ। ਇਨ੍ਹਾਂ ਤੋਂ ਦੋ ਲੱਖ ਰੁਪਏ ਸਾਲਾਨਾ ਕਰ ਆਉਂਦਾ ਸੀ।ਇਨ੍ਹਾਂ ਜਿੱਤਾਂ ਨਾਲ ਉਸ ਦੇ ਰਾਜ ਦੀਆਂ ਹੱਦਾਂ ਦੂਰ ਦੂਰ ਤੀਕ ਵਧ ਗਈਆਂ।ਬਿਆਸ ਅਤੇ ਰਾਵੀ ਦੇ ਵਿਚਕਾਰ ਦਾ ਸਾਰਾ ਇਲਾਕਾ ਅਤੇ ਜਲੰਧਰ ਦੁਆਬੇ ਦਾ ਮੈਦਾਨੀ ਇਲਾਕਾ ਉਸ ਦੇ ਰਾਜ ਵਿਚ ਸ਼ਾਮਲ ਸੀ । (ਕਪੂਰ ਪੰਨੇ 64,65)ਉਸ ਨੇ ਪਹਿਲਾਂ ਰਾਮਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਜੋ ਕਿ ਇੱਕ ਪਾਸੇ ਸੀ, ਉਸ ਨੇ ਸੋਚ ਵਿਚਾਰ ਕਰਕੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੀ ਰਾਜਧਾਨੀ ਬਣਾਇਆ ਜੋ ਕਿ ਜਿੱਤੇ ਇਲਾਕਿਆਂ ਦੇ ਐਨ ਵਿਚਕਾਰ ਸੀ।

ਪਹਾੜੀ ਰਿਆਸਤਾਂ ਰਿਆੜਕੀ ਅਤੇ ਦੁਆਬ ਦੀ ਜਿੱਤ ਨੇ ਜੱਸਾ ਸਿੰਘ ਦਾ ਤੇਜ ਪ੍ਰਤਾਪ ਸਿਖਰਾਂ ‘ਤੇ ਪਹੁੰਚਾ ਦਿੱਤਾ। ਪਰ ਪਿੱਛੋਂ ਐਸੇ ਹਾਲਾਤ ਪੈਦਾ ਹੋ ਗਏ ਕਿ ਮਿਸਲਾਂ ਵਿੱਚ ਆਪਸੀ ਗ੍ਰਹਿ ਯੁੱਧ ਸ਼ੁਰੂ ਹੋ ਗਏ। ਰਾਮਗੜ੍ਹੀਆ ਤੇ ਕੰਨ੍ਹਈਆ ਮਿਸਲ ਨੇ ਉਸ ਸਮੇਂ ਸਭ ਤੋਂ ਅਮੀਰ ਸ਼ਹਿਰ ਕਸੂਰ ਇਕੱਠੇ ਜਿੱਤਿਆ। ਪਰ ਸ਼ਹਿਰ ਦੇ ਸਭ ਤੋਂ ਅਮੀਰ ਹਿੰਦੂ ਹਿਰਦੇ ਰਾਮ ਦੇ ਖਜ਼ਾਨੇ ਦੀ ਵੰਡ ਤੋਂ ਆਪਸੀ ਦੁਸ਼ਮਣੀ ਪੈ ਗਈ ਕਿ ਉਹ ਮੁੜ ਕਦੇ ਇਕੱਠੇ ਨਹੀਂ ਹੋਏ। ਪਠਾਨਕੋਟ ਨੂੰ ਲੈ ਕੇ ਇਨ੍ਹਾਂ ਵਿੱਚ ਅਣਬਣ ਹੋ ਗਈ। ਭੰਗੀਆਂ ਨੇ ਪਠਾਣਕੋਟ ਉੱਤੇ ਧਾਵਾਂ ਬੋਲ ਦਿੱਤਾ । ਤਵੀ ਨਦੀ ਦੇ ਨੇੜੇ ਬੜੀ ਭਾਰੀ ਲੜਾਈ ਹੋਈ। ਭੰਗੀ, ਰਾਮਗੜ੍ਹੀਏ. ਰਣਜੀਤ ਦਿਓ ਤੇ ਪੀਰ ਮੁਹੰਮਦ ਚੱਠਾ ਇੱਕ ਪਾਸੇ ਕੰਨ੍ਹਈਏ, ਆਹਲੂਵਾਲੀਏ ਤੇ ਸ਼ੁਕਰਚੱਕੀਏ ਦੂਜੇ ਪਾਸੇ। ਅਖ਼ੀਰ ਭੰਗੀਆਂ ਦੀ ਹਾਰ ਹੋਈ। ਇਸਦਾ ਸਭ ਤੋਂ ਮਾੜਾ ਸਿੱਟਾ ਇਹ ਨਿਕਲਿਆ ਕਿ ਆਹਲੂਵਾਲੀਏ ਤੇ ਸ਼ੁਕਰਚਕੀਏ, ਜੱਸਾ ਸਿੰਘ ਦੇ ਪੱਕੇ ਦੁਸ਼ਮਣ ਬਣ ਗਏ। ਆਪਣੀ ਸ਼ਾਨ ਨੂੰ ਘੱਟਦੇ ਵੇਖ ਕੇ ਜੱਸਾ ਸਿੰਘ ਨੇ ਕਪੂਰਥਲਾ ਦੇ ਰਾਇ ਨੂੰ ਚੁੱਕਿਆ ਕਿ ਉਹ ਆਹਲੂਵਾਲੀਏ ਨੂੰ ਕਰ ਦੇਣ ਤੋਂ ਇਨਕਾਰ ਕਰ ਦੇਵੇ ਪਰ ਜੱਸਾ ਸਿੰਘ ਦੀ ਇਹ ਚਾਲ ਸਫ਼ਲ ਨਾ ਹੋ ਸਕੀ ਕਿਉਂਕਿ ਆਹਲੂਵਾਲੀਏ ਨੇ ਆਪਣੀ 30 ਹਜ਼ਾਰ ਫ਼ੌਜ ਨਾਲ ਕਪੂਰਥਲੇ ‘ਤੇ ਹਮਲਾ ਕਰਕੇ ਉਸ ਨੂੰ ਆਪਣੇ ਅਧੀਨ ਕਰ ਲਿਆ।

ਜੱਸਾ ਸਿੰਘ ਆਹਲੂਵਾਲੀਆ ਅਜਿਹੇ ਮੌਕੇ ਦੀ ਭਾਲ ਵਿੱਚ ਸੀ ਕਿ ਉਹ ਰਾਮਗੜ੍ਹੀਆ ਪਾਸੋਂ ਇਸਦਾ ਬਦਲਾ ਲਵੇ। 1775 ਈ. ਵਿੱਚ ਬਿਆਸ ਦੇ ਕੰਢੇ ਜ਼ਹੂਰੇ ਪਿੰਡ ਵਿੱਚ ਇੱਕ ਛੋਟੀ ਜਿਹੀ ਮੁਠਭੇੜ ਹੋਈ ਜਿਸ ਵਿੱਚ ਜੱਸਾ ਸਿੰਘ ਰਾਮਗੜ੍ਹੀਆ, ਆਹਲੂਵਾਲੀਏ ਦੀ ਗੋਲੀ ਨਾਲ ਫੱਟੜ ਹੋ ਗਿਆ ਤੇ ਇਹ ਇਲਾਕਾ ਰਾਮਗੜ੍ਹੀਆ ਦੇ ਹੱਥੋਂ ਨਿਕਲ ਗਿਆ।

ਇੱਕ ਵਾਰੀ ਜੱਸਾ ਸਿੰਘ ਆਹਲੂਵਾਲੀਆ ਸ਼ਿਕਾਰ ਖੇਡਦਾ ਨੰਗਲ ਪਿੰਡ ਨੇੜੇ ਆ ਨਿਕਲਿਆ। ਜੱਸਾ ਸਿੰਘ ਰਾਮਗੜ੍ਹੀਏ ਦੇ ਭਰਾ ਮਾਲੀ ਸਿੰਘ ਨੇ ਆਹਲੂਵਾਲੀਏ ‘ਤੇ ਹਮਲਾ ਕਰਕੇ ਉਸ ਨੂੰ ਫੱਟੜ ਕਰਕੇ ਕੈਦ ਕਰ ਲਿਆ ਤੇ ਉਸ ਨੂੰ ਸ੍ਰੀ ਹਰਿਗੋਬਿੰਦਪੁਰ ਲੈ ਗਿਆ। ਇਸ ਘਟਨਾ ਨਾਲ ਸਾਰੇ ਸਰਦਾਰ ਰਾਮਗੜ੍ਹੀਏ ਦੇ ਵਿਰੁੱਧ ਹੋ ਗਏ। ਇਸ ਖਿਚੋਤਾਣ ਵਿੱਚ ਰਾਮਗੜ੍ਹੀਆ ਤੇ ਸ਼ੁਕਰਚਕੀਆ ਵਿੱਚ ਲੜਾਈ ਹੋ ਗਈ ਤੇ ਜੱਸਾ ਸਿੰਘ ਨੇ ਚੜ੍ਹਤ ਸਿੰਘ ਨੂੰ ਹਾਰ ਦਿੱਤੀ ਤੇ ਉਸ ਦੀਆਂ ਬੰਦੂਕਾਂ ਤੇ ਹੋਰ ਬਹੁਤ ਸਾਰਾ ਜੰਗੀ ਸਮਾਨ ਕਾਬੂ ਕਰ ਲਿਆ।

1776 ਈ. ਵਿੱਚ ਰਾਮਗੜ੍ਹੀਏ ਸਰਦਾਰ ਨੂੰ ਖ਼ਤਮ ਕਰਨ ਲਈ ਆਹਲੂਵਾਲੀਏ ਨੇ ਬਾਕੀ ਦੇ ਸਰਦਾਰਾਂ ਪਾਸੋਂ ਮਦਦ ਮੰਗੀ। ਚੜ੍ਹਤ ਸਿੰਘ ਸ਼ੁਕਰਚੱਕੀਏ ਤੇ ਜੈ ਸਿੰਘ ਕੰਨ੍ਹਈਏ ਤੋਂ ਇਲਾਵਾ ਭੰਗੀ ਸਰਦਾਰ ਵੀ ਆਹਲੂਵਾਲੀਆ ਦੀ ਮਦਦ ਲਈ ਆ ਗਏ। ਇਨ੍ਹਾਂ ਚੋਹਾਂ ਮਿਸਲਾਂ ਦੀਆਂ ਸਾਂਝੀਆਂ ਫੌਜਾਂ ਨੇ ਸ੍ਰੀ ਹਰਿਗੋਬਿੰਦਪੁਰ ‘ਤੇ ਹਮਲਾ ਕੀਤਾ। ਰਾਮਗੜ੍ਹੀਆ ਦੀ ਪੇਸ਼ ਨਾ ਗਈ ਤੇ ਉਸ ਨੇ ਸ਼ਹਿਰ ਖਾਲੀ ਕਰ ਦਿੱਤਾ। ਇਸ ਤੋਂ ਪਿੱਛੋਂ ਉਨ੍ਹਾਂ ਬਟਾਲੇ ‘ਤੇ ਕਬਜ਼ਾ ਕੀਤਾ। ਇਸ ਪਿੱਛੋਂ ਕਲਾਨੌਰ ਉੱਤੇ ਧਾਵਾ ਬੋਲਿਆ। ਇਸ ਲੜਾਈ ਵਿੱਚ ਜੱਸਾ ਸਿੰਘ ਦਾ ਛੋਟਾ ਭਰਾ ਤਾਰਾ ਸਿੰਘ ਮਾਰਿਆ ਗਿਆ ਤੇ ਇਸ ਦਾ ਕਬਜ਼ਾ ਹਕੀਕਤ ਸਿੰਘ ਕੰਨ੍ਹਈਏ ਨੂੰ ਦੇ ਦਿੱਤਾ। ਇਸ ਪਿੱਛੋਂ ਸਾਂਝੀਆਂ ਫੌਜਾਂ ਨੇ ਨਾ ਕੇਵਲ ਉਸ ਨੂੰ ਉਸ ਦੇ ਇਲਾਕੇ ਵਿੱਚੋਂ ਕੱਢ ਦਿੱਤਾ ਸਗੋਂ ਸਤਲੁਜੋਂ ਪਾਰ ਜਾਣ ਲਈ ਮਜ਼ਬੂਰ ਕਰ ਦਿੱਤਾ। ਜੱਸਾ ਸਿੰਘ ਆਹਲੂਵਾਲੀਏ ਦੇ ਭਤੀਜੇ ਭਾਗ ਸਿੰਘ ਨੇ ਉਸ ਦਾ ਪਿੱਛਾ ਕਰਨ ਦਾ ਯਤਨ ਕੀਤਾ, ਪਰ ਜੱਸਾ ਸਿੰਘ ਆਹਲੂਵਾਲੀਏ ਨੇ ਉਸ ਨੂੰ ਰੋਕ ਦਿੱਤਾ।

ਜੱਸਾ ਸਿੰਘ ਆਪਣੀ ਚਾਰ ਹਜ਼ਾਰ ਫੌਜ ਨਾਲ ਪਟਿਆਲਾ ਦੇ ਨੇੜੇ ਘੁੰਮ ਰਿਹਾ ਸੀ ਕਿ ਪਟੌਦੀ ਦੇ ਨਵਾਬ ਦੀ ਕਮਾਨ ਹੇਠ ਕਈ ਛੋਟੇ ਰਾਜਿਆਂ ਪਟਿਆਲੇ ਦੇ ਰਾਜਾ ਅਮਰ ਸਿੰਘ ਉਪਰ ਹਮਲਾ ਕਰ ਦਿੱਤਾ। ਰਾਮਗੜ੍ਹੀਆ ਸਰਦਾਰ ਨੇ ਉਸ ਦੀ ਮਦਦ ਕੀਤੀ ਤੇ ਦੋਵਾਂ ਫ਼ੌਜਾਂ ਨੇ ਮਿਲ ਕੇ ਉਸ ਨੂੰ ਪਟਿਆਲਾ ਦੇ ਇਲਾਕੇ ਵਿੱਚੋਂ ਬਾਹਰ ਕੱਢ ਦਿੱਤਾ। ਰਾਮਗੜ੍ਹੀਆ ਦੀ ਮਦਦ ਨਾਲ ਰਾਜਾ ਅਮਰ ਸਿੰਘ ਨੇ 1778 ਈ. ਵਿੱਚ ਆਪਣੇ ਗੁਆਂਢੀ ਹਰੀ ਸਿੰਘ ਸਿਆਲਬਾ ਦੇ ਉਪਰ ਜਿੱਤ ਪ੍ਰਾਪਤ ਕੀਤੀ।

ਮੁਗ਼ਲ ਬਾਦਸ਼ਾਹ ਸ਼ਾਹ ਆਲਮ ਨੇ ਰਿਆ-ਸਤ ਪਟਿਆਲਾ ਨੂੰ ਆਪਣੇ ਅਧੀਨ ਕਰਨ ਲਈ ਹਮਲਾ ਕਰ ਦਿੱਤਾ। ਜਦ ਸ਼ਾਹੀ ਫ਼ੌਜਾਂ ਕਰਨਾਲ ਨੇੜੇ ਪੁੱਜੀਆਂ ਤਾਂ ਕਈ ਸਰਦਾਰ ਜਿਵੇਂ ਸਾਹਿਬ ਸਿੰਘ ਕਾਂਡੀ, ਦੀਵਾਨ ਸਿੰਘ, ਬਘੇਲ ਸਿੰਘ ਅਤੇ ਦੇਸਾ ਸਿੰਘ ਕੈਂਥਲੀਆ ਆਦਿ ਜਿਨ੍ਹਾਂ ਦੀ ਰਾਜਾ ਅਮਰ ਸਿੰਘ ਨਾਲ ਲੱਗਦੀ ਸੀ ਵੀ ਮੁਗ਼ਲ ਫੌਜ ਦੀ ਮਦਦ ਲਈ ਆ ਗਏ। ਜੱਸਾ ਸਿੰਘ ਰਾਮਗੜ੍ਹੀਆ ਤੇ ਉਸ ਦਾ ਸੁਪੁੱਤਰ ਜੋਧ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆ ਵੀ ਉਸ ਦੀ ਸਹਾਇਤਾ ਲਈ ਪੁੱਜ ਗਏ। ਰਾਜਾ ਅਮਰ ਸਿੰਘ ਦੀਆਂ ਫੌਜਾਂ ਨੂੰ ਭਾਰੀ ਜਿੱਤ ਹੋਈ ਤੇ ਪਾਨੀਪਤ ਵੱਲ ਨੂੰ ਨੱਸੀਆਂ ਜਾਂਦੀਆਂ ਸ਼ਾਹੀ ਫ਼ੌਜਾਂ ਦਾ ਪਿੱਛਾ ਕਰਕੇ ਸਿੱਖਾਂ ਨੇ ਲੁੱਟ ਦੇ ਮਾਲ ਨਾਲ ਖੂਬ ਹੱਥ ਰੰਗੇ।

ਜੱਸਾ ਸਿੰਘ ਰਾਮਗੜ੍ਹੀਏ ਨੇ ਬਘੇਲ ਸਿੰਘ ਅਤੇ ਗੁਰਦਿੱਤ ਸਿੰਘ ਦੀ ਸਹਾਇਤਾ ਨਾਲ ਤੀਹ ਹਜ਼ਾਰ ਫੌਜ ਲੈ ਕੇ ਮੁਜ਼ਫਰਪੁਰ ਤੇ ਮੀਰਾਂਪੁਰ ਦੇ ਇਲਾਕੇ ਵਿਚ ਲੁਟ ਮਾਰ ਕੀਤੀ ਤੇ ਫਿਰ ਮਾਰੋ ਮਾਰ ਕਰਦੇ ਮੇਰਠ ਸ਼ਹਿਰ ਵਿਚ ਜਾ ਨਿਕਲੇ।ਇਸ ਇਲਾਕੇ ਦੇ ਜ਼ਬੀਤਾ ਖ਼ਾਨ ਨੂੰ ਘੇਰ ਲਿਆ ਤੇ ਦਸ ਹਜ਼ਾਰ ਰੁਪਏ ਕਰ ਵਸੂਲ ਕੀਤਾ।ਉਸ ਨੇ ਹਰ ਸਾਲ ਕਰ ਦੇਣ ਦਾ ਇਕਰਾਰ ਵੀ ਕੀਤਾ। ਇੱਥੋਂ ਅੱਗੇ ਜੱਸਾ ਸਿੰਘ ਤੇ ਬਘੇਲ ਸਿੰਘ ਦੀਆਂ ਫੌਜਾਂ ਨੇ ਉੱਤਰ ਪ੍ਰਦੇਸ਼ ਦੇ ਉੱਘੇ ਵਪਾਰਕ ਕੇਂਦਰ ਚੌਣਸੀ ਉੱਤੇ ਹਮਲਾ ਕੀਤਾ, ਜਿੱਥੋਂ ਕਈ ਲੱਖ ਰੁਪਿਆ ਉਨ੍ਹਾਂ ਦੇ ਹੱਥ ਲੱਗਾ।

ਕੁਝ ਸਮੇਂ ਬਾਅਦ ਸਿੱਖ ਸਰਦਾਰਾਂ ਨੇ ਦਿੱਲੀ ਉਪਰ ਧਾਵਾ ਕਰਨ ਦਾ ਮਤਾ ਪਕਾਇਆ। ਮਾਰਚ 1783 ਵਿੱਚ ਸਿੱਖ ਦਿੱਲੀ ਸ਼ਹਿਰ ਵਿੱਚ ਦਾਖਲ ਹੋਏ। ਮੁਗ਼ਲ ਬਾਦਸ਼ਾਹ, ਸ਼ਾਹ ਆਲਮ ਦੂਜਾ ਉਨ੍ਹਾਂ ਦੇ ਮੁਕਾਬਲੇ ਲਈ ਤਿਆਰ ਨਹੀਂ ਸੀ। ਇਸ ਲਈ ਸਿੱਖ ਕਈ ਦਿਨ ਦਿੱਲੀ ਦੇ ਮਾਲਕ ਬਣੇ ਰਹੇ।ਜੱਸਾ ਸਿੰਘ ਰਾਮਗੜ੍ਹੀਆ ਹੋਰ ਸਰਦਾਰਾਂ ਤੋਂ ਵੱਖਰੇ ਹੋ ਕੇ ਹਮਲੇ ਕਰਦਾ ਰਿਹਾ। ਪਹਿਲਾਂ ਉਸ ਨੇ ਮੁਗ਼ਲਪੁਰੀ ਖ਼ਤਮ ਕੀਤਾ ਤੇ ਫਿਰ ਲਾਲ ਕਿਲ੍ਹੇ ਜਾ ਵੜਿਆ। ਉੱਥੋਂ ਧਨ ਤੋਂ ਇਲਾਵਾ ਮੁਗ਼ਲ ਦੇ ਤੋਪਖਾਨੇ ਦੀਆਂ ਚਾਰ ਬੰਦੂਕਾਂ ਤੇ ਮੁਗ਼ਲਾਂ ਦੇ ਤਾਜਪੋਸ਼ੀ ਵਾਲੀ ਰੰਗ ਬਰੰਗੇ ਪੱਥਰ ਦੀ ਇੱਕ ਸੁੰਦਰ ਸਿੱਲ ਹੱਥ ਲੱਗੀ। ਇਹ 6 ਫੁੱਟ ਲੰਬੀ, 4 ਫੁੱਟ ਚੌੜੀ ਤੇ 9 ਇੰਚ ਮੋਟੀ ਸਿੱਲ ਇਸ ਸਮੇਂ ਰਾਮਗੜ੍ਹੀਏ ਬੁੰਗੇ ਵਿੱਚ ਪਈ ਹੈ।

1783 ਈ. ਵਿੱਚ ਜੱਸਾ ਸਿੰਘ ਆਹਲੂਵਾਲੀਆ ਅਕਾਲ ਚਲਾਣਾ ਕਰ ਗਿਆ। ਜੱਸਾ ਸਿੰਘ ਰਾਮਗੜ੍ਹੀਆ ਨੇ ਵਾਪਸ ਪੰਜਾਬ ਆ ਕੇ ਆਪਣੇ ਇਲਾਕੇ ਮੁੜ ਪ੍ਰਾਪਤ ਕਰ ਲਏ। 1796 ਈ. ਵਿੱਚ ਸ਼ਾਹ ਜ਼ਮਾਨ ਲਾਹੌਰ ਤੀਕ ਪਹੁੰਚ ਗਿਆ ਤੇ ਉਸ ਨੇ ਅੰਮ੍ਰਿਤਸਰ ਉੱਤੇ ਹਮਲਾ ਕਰਨ ਦੀ ਸਕੀਮ ਬਣਾਈ। ਹੋਰ ਸਰਦਾਰਾਂ ਦੇ ਨਾਲ ਜੱਸਾ ਸਿੰਘ ਰਾਮਗੜ੍ਹੀਆ ਵੀ ਪਵਿੱਤਰ ਸ਼ਹਿਰ ਦੀ ਰੱਖਿਆ ਲਈ ਪੁੱਜ ਗਿਆ। ਸ਼ਾਹ ਜ਼ਮਾਨ ਨੇ ਲਾਹੌਰ ਫਤਹਿ ਕਰ ਲਿਆ ਪਰ ਉਸ ਨੂ ਛੇਤੀ ਹੀ ਵਾਪਿਸ ਕਾਬਲ ਜਾਣਾ ਪਿਆ ਕਿਉਂਕਿ ਉਸ ਦੇ ਮਤਰਏ ਭਰਾ ਮਹਿਮੂਦ ਨੇ ਬਗ਼ਾਵਤ ਕਰ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ‘ਤੇ 1799 ਈ. ਵਿੱਚ ਮੁੜ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਰਾਮਗੜ੍ਹੀਆ ਦੇ ਉੱਘੇ ਕਿਲ੍ਹੇ ਮਿਆਣੀ ਉਪਰ ਹਮਲਾ ਕਰਕੇ ਉਸ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਇਸ ਲੜਾਈ ਵਿੱਚ ਭਾਗ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਦਦ ਕੀਤੀ। ਜੱਸਾ ਸਿੰਘ ਰਾਮਗੜ੍ਹੀਆ ਨੇ ਇਸ ਦਾ ਬਦਲਾ ਲੈਣ ਲਈ ਆਹਲੂਵਾਲੀਆ ਸਰਦਾਰ ਦੇ ਇਲਾਕੇ ਉੱਤੇ ਹੱਲਾ ਬੋਲ ਦਿੱਤਾ। ਕਾਂਗੜੇ ਦਾ ਰਾਜਾ ਸੰਸਰ ਚੰਦ ਕਟੋਚ ਵੀ ਮਹਾਰਾਜਾ ਰਣਜੀਤ ਸਿੰਘ ਦੀ ਵੱਧਦੀ ਤਾਕਤ ਤੋਂ ਖ਼ਤਰਾ ਮਹਿਸੂਸ ਕਰਦਾ ਸੀ, ਉਸ ਨੇ ਵੀ ਜੱਸਾ ਸਿੰਘ ਰਾਮਗੜ੍ਹੀਆ ਦਾ ਸਾਥ ਦਿੱਤਾ। ਭਾਗ ਸਿੰਘ ਆਹਲੂਵਾਲੀਆ ਨੇ ਆਪਣੇ ਜਰਨੈਲ ਹਮੀਰ ਸਿੰਘ ਨੂੰ ਭੇਜਿਆ ਪ੍ਰੰਤੂ ਹਮੀਰ ਸਿੰਘ ਨੂੰ ਇਸ ਲੜਾਈ ਵਿੱਚ ਹਾਰ ਹੋਈ ਤੇ ਉਹ ਜਖਮੀ ਹੋ ਗਿਆ। ਫਗਵਾੜਾ ਪਹੁੰਚ ਕੇ ਆਹਲੂਵਾਲੀਆ ਸਰਦਾਰ ਕੁਝ ਦਿਨਾਂ ਦੀ ਬੀਮਾਰੀ ਤੋਂ ਬਾਅਦ ਅਕਾਲ ਚਲਾਣਾ ਕਰ ਗਿਆ। ਇਸ ਲਈ ਜੱਸਾ ਸਿੰਘ ਦੀ ਆਹਲੂਵਾਲੀਆ ਵਿਰੁੱਧ ਇਹ ਮੁਹਿੰਮ ਸਫ਼ਲ ਰਹੀ।

80 ਸਾਲ ਦੀ ਉਮਰ ਭੋਗ ਕੇ 1803 ਈ. ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਕਾਲ ਚਲਾਣਾ ਕਰ ਗਿਆ। ਉਸ ਦੇ ਪੁੱਤਰ ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨਾਲ ਦੋਸਤੀ ਪਾ ਲਈ ਤੇ ਉਸ ਦੇ ਜੀਉਂਦੇ ਜੀਅ 1816 ਈ. ਤੱਕ ਮਹਾਰਾਜਾ ਰਣਜੀਤ ਸਿੰਘ ਨੂੰ ਲੜਾਈ ਕਰਨ ਦਾ ਕਦੇ ਖਿਆਲ ਨਾ ਆਇਆ।

ਹਵਾਲਾ ਪੁਸਤਕ :- 1. ਕਪੂਰ, ਪ੍ਰੋ. ਪ੍ਰਿਥੀਪਾਲ ਸਿੰਘ, ਸ. ਜੱਸਾ ਸਿੰਘ ਰਾਮਗੜ੍ਹੀਆ, ਸਿੰਘ ਬਰਦਰਜ਼, ਅੰਮ੍ਰਿਤਸਰ 2010

2. ਰਾਏ, ਪ੍ਰੋ. ਗੁਰਨਾਮ ਸਿੰਘ, ਜੱਸਾ ਸਿੰਘ ਰਾਮਗੜ੍ਹੀਆ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2012




# ਪੰਜਾਬ ਸਰਕਾਰ ਨੇ ਮਾਨਤਾ ਪ੍ਰਾਪਤ ਅਤੇ ਪੀਲੇ ਕਾਰਡ ਵਾਲੇ ਪੱਤਰਕਾਰ ਫ਼ਰੰਟ ਲਾਈਨ ਯੋਧੇ ਐਲਾਨੇ

### * ਬਿਜਲੀ ਮੁਲਾਜ਼ਮ ਵੀ ਫ਼ਰੰਟ ਲਾਈਨ ਵਰਕਰਾਂ ਦੀ ਸੂਚੀ ਵਿੱਚ ਸ਼ਾਮਲ

ਚੰਡੀਗੜ੍ਹ, 4 ਮਈ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਇਸ ਰਾਜ ਵਿੱਚ ਮਾਨਤਾ ਪ੍ਰਾਪਤ (ਐਕਰੀਡੇਟਿਡ) ਅਤੇ ਪੀਲੇ ਕਾਰਡ ਵਾਲੇ ਸਾਰੇ ਪੱਤਰਕਾਰਾਂ ਨੂੰ ਕੋਵਿਡ ਵਿਰੁੱਧ ਲੜਾਈ ਵਿੱਚ ਫ਼ਰੰਟਲਾਈਨ ਯੋਧਿਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਜਾਵੇਗਾ। ਇਸ ਰਾਜ ਵਿੱਚ ਬਿਜਲੀ ਨਿਗਮ ਦੇ ਸਾਰੇ ਮੁਲਾਜ਼ਮਾਂ ਨੂੰ ਵੀ ਫ਼ਰੰਟਲਾਈਨ ਵਰਕਰਾਂ ਦੇ ਘੇਰੇ ਹੇਠ ਲਿਆਂਦਾ ਗਿਆ ਹੈ।



ਬੀਤੇ ਸੋਮਵਾਰ ਨੂੰ ਕੋਵਿਡ ਬਾਰੇ ਉਚ ਪੱਧਰੀ ਮੀਟਿੰਗ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਪੱਤਰਕਾਰਾਂ ਸਮੇਤ ਇਹ ਮੁਲਾਜ਼ਮ ਪਹਿਲ ਦੇ ਆਧਾਰ ਉਤੇ ਟੀਕਾ ਲਵਾਉਣ ਸਣੇ ਉਨ੍ਹਾਂ ਸਾਰੇ ਲਾਭਾਂ ਦੇ ਹੱਕਦਾਰ ਹੋਣਗੇ, ਜੋ ਬਾਕੀ ਫ਼ਰੰਟਲਾਈਨ ਵਰਕਰ ਪੰਜਾਬ ਸਰਕਾਰ ਤੋਂ ਲੈਣ ਦੇ ਹੱਕਦਾਰ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਇੱਕ ਸਾਲ ਤੋਂ ਵੱਧ ਸਮੇਂ ਤੋਂ ਜ਼ਮੀਨੀ ਪੱਧਰ ਉਤੇ ਮਹਾਂਮਾਰੀ ਨਾਲ ਸਬੰਧਤ ਕਵਰੇਜ ਕਰਨ ਲਈ ਪੱਤਰਕਾਰ ਆਪਣੀ ਜਾਨ ਜੋਖਮ ਵਿੱਚ ਪਾ ਰਹੇ ਹਨ ਅਤੇ ਕੋਵਿਡ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਮੱਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਕਈ ਰਾਜਾਂ ਨੇ ਪੱਤਰਕਾਰਾਂ ਨੂੰ ਫ਼ਰੰਟਲਾਈਨ ਵਰਕਰਾਂ ਦੀ ਕੈਟਾਗਰੀ ਵਿੱਚ ਸ਼ਾਮਲ ਕਰਨ ਦੀ ਮੰਗ ਉਠਾਈ ਹੈ, ਪਰ ਭਾਰਤ ਸਰਕਾਰ ਨੇ ਅਜੇ ਤੱਕ ਕੋਈ ਹੁੰਗਾਰਾ ਨਹੀਂ ਭਰਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੱਤਰਕਾਰਾਂ ਦੀ ਸੁਰੱਖਿਆ ਦੇ ਨਾਲ ਬਿਜਲੀ ਨਿਗਮ ਦੇ ਮੁਲਾਜ਼ਮਾਂ ਨੂੰ ਵੀ ਫ਼ਰੰਟਲਾਈਨ ਵਰਕਰਾਂ ਵਿੱਚ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਹੈ, ਕਿਉਂ ਜੋ ਉਹ ਹਸਪਤਾਲਾਂ ਅਤੇ ਹੋਰ ਪ੍ਰਮੁੱਖ ਸੰਸਥਾਵਾਂ ਵਿੱਚ ਜ਼ਰੂਰੀ ਨਾਜ਼ੁਕ ਬਿਜਲੀ ਸੇਵਾਵਾਂ ਦੇਣ ਮੌਕੇ ਆਪਣੀ ਜਾਨ ਖ਼ਤਰੇ ਵਿੱਚ ਪਾ ਰਹੇ ਹਨ।

# ਨਿਹੰਗ ਸਿੰਘਾਂ ਦੀ ਬਿਧੀ ਚੰਦ ਸੰਪਰਦਾ ਸੁਰਸਿੰਘ ਦਾ ਵਿਵਾਦ ਫਿਰ ਭਖ ਪਿਆ

ਤਰਨ ਤਾਰਨ, 4 ਮਈ (ਪੋਸਟ ਬਿਊਰੋ)- ਬਾਬਾ ਬਿਧੀ ਚੰਦ ਸੰਪਰਦਾ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ ਅਤੇ ਉਸ ਦੇ ਭਰਾ ਬਾਬਾ ਗੁਰਬਚਨ ਸਿੰਘ ਵਿਚਾਲੇ ਸੰਪਰਦਾ ਦੀ ਜਾਇਦਾਦ ਦਾ ਵਿਵਾਦ ਫਿਰ ਭਖ ਪਿਆ ਹੈ।

ਵਰਨਣ ਯੋਗ ਹੈ ਕਿ ਜ਼ਿਲ੍ਹਾ ਪੁਲਸ ਨੇ ਇਸ ਜਾਇਦਾਦ ਬਾਰੇ ਡੇਢ ਸਾਲ ਪਹਿਲਾਂ ਵੀ ਦੋਵਾਂ ਧਿਰਾਂ ਦੇ ਕਈ ਲੋਕਾਂ ਦੇ ਖਿਲਾਫ ਸੰਗੀਨ ਧਾਰਾਵਾਂ ਦੇ ਕੇਸ ਦਰਜ ਕੀਤੇ ਸਨ। ਇਸ ਮੁੱਦੇ ਬਾਰੇ ਦੋਵਾਂ ਭਰਾਵਾਂ ਦਾ ਵਿਵਾਦ ਪਿੰਡ ਛੀਨਾ ਬਿਧੀ ਚੰਦ ਦੀ ਜ਼ਮੀਨ ਵਿੱਚ ਬੀਜੀ ਕਣਕ ਦੀ ਵਾਢੀ ਬਾਰੇ ਫਿਰ ਉੱਭਰ ਪਿਆ ਹੈ। ਇਸ ਬਾਰੇ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੇ ਨੌਂ ਜਣਿਆਂ ਦੇ ਵਿਰੁੱਧ ਕੇਸ ਦਰਜ ਕੀਤਾ ਹੈ।ਇਸ ਪਿੰਡ ਵਿੱਚ ਸੰਪਰਦਾ ਦੀ ਲਗਭਗ 10 ਏਕੜ ਦੇ ਕਰੀਬ ਜ਼ਮੀਨ ਲੋਹ-ਲੰਗਰ ਦੇ ਨਾਂਅ ਉੱਤੇ ਹੈ। ਇਸ ਬਾਰੇ ਦੋਵਾਂ ਧਿਰਾਂ ਦਾ ਵਿਵਾਦ ਚੱਲਦਾ ਹੋਣ ਕਾਰਨ ਪ੍ਰਸ਼ਾਸਨ ਵੱਲੋਂ ਥਾਣਾ ਸਰਾਏ ਅਮਾਨਤ ਖਾਂ ਦੇ ਐਸ ਐਚ ਓ ਸਬ ਇੰਸਪੈਕਟਰ ਦੀਪਕ ਕੁਮਾਰ ਨੂੰ ਰਿਸੀਵਰ ਨਿਯੁਕਤ ਕੀਤਾ ਗਿਆ ਹੈ।ਪਿੰਡ ਵਾਸੀਆਂ ਨੇ ਪੁਲਸ ਨੂੰ ਇਸ ਜ਼ਮੀਨ ਵਿੱਚ ਬੀਜੀ ਕਣਕ ਦੀ ਵਾਢੀ ਕਰ ਕੇ ਵਜ਼ਨ ਕਰਨ ਪਿੱਛੋਂ ਇਸ ਨੂੰ ਪਿੰਡ ਦੇ ਸਾਬਕਾ ਸਰਪੰਚ ਗੁਰਸੇਵਕ ਸਿੰਘ ਦੀ ਦੇਖ ਰੇਖ ਵਿੱਚ ਸੰਭਾਲ ਕਰਨ ਦਾ ਲਿਖਤੀ ਯਕੀਨ ਦਿੱਤਾ ਸੀ ਅਤੇ ਐਸ ਐਚ ਓ ਦੀ ਹਾਜ਼ਰੀ ਵਿੱਚ ਪਿੰਡ ਵਾਸੀ ਜ਼ਮੀਨ ਵਿੱਚੋਂ ਕੀਤੀ ਕਣਕ ਟਰੈਕਟਰ ਟਰਾਲੀ ਵਿੱਚ ਲੱਦ ਕੇ ਗੁਰਸੇਵਕ ਸਿੰਘ ਦੇ ਘਰ ਲਿਜਾ ਰਹੇ ਸਨ ਕਿ ਰਸਤੇ ਵਿੱਚ ਹਥਿਆਰਬੰਦ ਵਿਅਕਤੀ ਆਏ ਤੇ ਥਾਣਾ ਮੁਖੀ ਦੀ ਹਾਜ਼ਰੀ ਵਿੱਚ ਕਣਕ ਵਾਲੀ ਟਰੈਕਟਰ ਟਰਾਲੀ ਨੂੰ ਕਬਜ਼ੇ ਵਿੱਚ ਕਰ ਕੇ ਸੁਰਸਿੰਘ ਲੈ ਗਏ। ਥਾਣਾ ਮੁਖੀ ਨੇ ਦੱਸਿਆ ਕਿ ਇਹ ਕਾਰਵਾਈ ਕਰਨ ਵਾਲਿਆਂ ਦੀ ਪਛਾਣ ਛੀਨਾ ਬਿਧੀ ਚੰਦ ਦੇ ਯਾਦਵਿੰਦਰ ਸਿੰਘ, ਜਗਤਾਰ ਸਿੰਘ, ਚਰਨਜੀਤ ਸਿੰਘ, ਬਲਦੇਵ ਸਿੰਘ, ਅਵਤਾਰ ਸਿੰਘ, ਗੁਰਤਾਰ ਸਿੰਘ, ਫੌਜਾ ਸਿੰਘ, ਸੁਰਸਿੰਘ ਦੇ ਬਾਬਾ ਨਿਰਮਲ ਸਿੰਘ ਅਤੇ ਕੋਟ ਬੁੱਢਾ ਦੇ ਬਾਬਾ ਪ੍ਰਤਾਪ ਸਿੰਘ ਵਜੋਂ ਹੋਈ ਹੈ।ਇਸ ਬਾਰੇ ਪੁਲਸ ਨੇ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਥਾਣਾ ਮੁਖੀ ਨੇ ਕਿਹਾ ਕਿ ਮੁਲਜ਼ਮ ਕਣਕ ਦੀ ਭਰੀ ਟਰੈਕਟਰ ਟਰਾਲੀ ਲੈ ਕੇ ਗਾਇਬ ਹੋ ਗਏ ਹਨ, ਜਿਨ੍ਹਾਂ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ।

# ਪੰਜਾਬ ਵਿੱਚ ਕੋਵਿਡ ਵੈਕਸੀਨ ਦੀਆਂ 183 ਲੱਖ ਖੁਰਾਕਾਂ ਖਰਾਬ ਹੋ ਗਈਆਂ

### * ਸਭ ਤੋਂ ਵੱਧ ਖੁਰਾਕਾਂ ਤਾਮਿਲ ਨਾਡੂ ਤੇ ਆਸਾਮ ਵਿੱਚ ਖਰਾਬ ਹੋਈਆਂ * ਪੰਜਾਬ ਨਾਲ ਵੈਕਸੀਨ ਸਪਲਾਈ ਵਿੱਚ ਵੀ ਵਿਤਕਰਾ ਜ਼ਾਹਰ

ਚੰਡੀਗੜ੍ਹ, 4 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਕੋਵਿਡ ਵੈਕਸੀਨ ਦੀਆਂ ਕਰੀਬ 1.83 ਲੱਖ ਖੁਰਾਕਾਂ ਖਰਾਬ ਹੋਣ ਦੀ ਖਬਰ ਮਿਲੀ ਹੈ। ਕੇਂਦਰ ਸਰਕਾਰ ਵੱਲੋਂ ਕੱਲ੍ਹ ਜਾਰੀ ਰਿਪੋਰਟ ਅਨੁਸਾਰ ਪੰਜਾਬ ਦੇਸ਼ ਦੇ ਪਹਿਲੇ ਪੰਜ ਰਾਜਾਂ ਵਿੱਚ ਹੈ, ਜਿੱਥੇ ਵੈਕਸੀਨ ਖੁਰਾਕਾਂ ਵੱਧ ਖਰਾਬ ਹੋਈਆਂ ਹਨ। ਪੰਜ ਰਾਜਾਂ ਵਿੱਚ ਸਮੇਂ ਸਿਰ ਡੋਜ਼ ਨਾ ਲੱਗਣ ਕਰ ਕੇ ਵੈਕਸੀਨ ਦਾ ਵੱਧ ਨੁਕਸਾਨ ਹੋਇਆ ਹੈ, ਜਿਸ ਨੂੰ ਰੋਕਿਆ ਜਾਣਾ ਚਾਹੀਦਾ ਸੀ।




ਕੇਂਦਰੀ ਰਿਪੋਰਟ ਅਨੁਸਾਰ ਪੰਜਾਬ ਨੂੰ ਅਜੇ ਤੱਕ 36.86 ਲੱਖ ਕੋਵਿਡ ਖੁਰਾਕਾਂ ਦੀ ਸਪਲਾਈ ਮਿਲੀ ਹੈ, ਜਿਸ ਵਿੱਚੋਂ 36.81 ਲੱਖ ਖੁਰਾਕਾਂ (ਸਮੇਤ ਖਰਾਬ ਹੋਈਆਂ ਖੁਰਾਕਾਂ ਦੇ) ਲੱਗ ਚੁੱਕੀਆਂ ਹਨ ਅਤੇ ਪੰਜਾਬ ਕੋਲ ਇਸ ਵੇਲੇ ਮਸਾਂ 5253 ਖੁਰਾਕਾਂ ਬਚੀਆਂ ਹਨ। ਪੰਜਾਬ ਸਰਕਾਰ ਨੂੰ ਕੇਂਦਰ ਵੱਲੋਂ 2.75 ਲੱਖ ਵੈਕਸੀਨ ਖੁਰਾਕਾਂ ਦੀ ਸਪਲਾਈ ਮਿਲਣੀ ਹੈ। ਪੰਜਾਬ ਸਰਕਾਰ ਨੇ ਪਹਿਲਾਂ 18 ਤੋਂ 45 ਸਾਲ ਉਮਰ ਵਰਗ ਲਈ ਪਹਿਲੀ ਮਈ ਤੋਂ ਕੋਰੋਨਾ ਦੇ ਟੀਕੇ ਲਾਉਣ ਦਾ ਐਲਾਨ ਕੀਤਾ ਸੀ, ਪਰ ਵੈਕਸੀਨ ਦੀ ਕਮੀ ਕਰ ਕੇ ਇਹ ਪ੍ਰੋਗਰਾਮ ਮੁਲਤਵੀ ਕਰਨਾ ਪਿਆ ਹੈ। ਪੰਜਾਬ ਸਰਕਾਰ ਨੇ ਇਸ ਉਮਰ ਵਰਗ ਲਈ ਤੀਹ ਲੱਖ ਖੁਰਾਕਾਂ ਦਾ ਆਰਡਰ ਦਿੱਤਾ ਸੀ, ਪਰ ਕੇਂਦਰ ਨੇ ਮਈ ਮਹੀਨੇ ਵਿੱਚ 3.30 ਲੱਖ ਖੁਰਾਕਾਂ ਦੇਣਾ ਮੰਨਿਆ ਹੈ। ਕੇਂਦਰ ਸਰਕਾਰ ਵੈਕਸੀਨ ਵੰਡ ਵਿੱਚ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ। ਪੰਜਾਬ ਦੀ ਅਨੁਮਾਨਤ 3.02 ਕਰੋੜ ਦੀ ਆਬਾਦੀ ਲਈ 36.86 ਲੱਖ ਖੁਰਾਕਾਂ ਮਿਲੀਆਂ ਅਤੇ ਹਰਿਆਣਾ ਨੂੰ 45.02 ਲੱਖ ਖੁਰਾਕਾਂ ਦਿੱਤੀਆਂ ਗਈਆਂ ਹਨ, ਜਦ ਕਿ ਹਰਿਆਣਾ ਦੀ ਅਨੁਮਾਨਤ ਆਬਾਦੀ 2.93 ਕਰੋੜ ਹੈ। ਪੱਛਮੀ ਬੰਗਾਲ ਦੀ ਅਨੁਮਾਨਤ ਆਬਾਦੀ 9.78 ਕਰੋੜ ਹੈ ਅਤੇ ਇਸ ਨੂੰ ਅੱਜ ਤੱਕ 1.13 ਕਰੋੜ ਖੁਰਾਕਾਂ ਦਿੱਤੀਆਂ ਗਈਆਂ ਹਨ, ਜਿਸ ਕਿ ਗੁਜਰਾਤ ਰਾਜ ਨੂੰ 1.32 ਕਰੋੜ ਟੀਕੇ ਮਿਲੇ ਹਨ, ਜਿਸ ਦੀ ਆਬਾਦੀ 6.94 ਕਰੋੜ ਦੱਸੀ ਜਾ ਰਹੀ ਹੈ।ਰਿਪੋਰਟ ਅਨੁਸਾਰ ਸਭ ਤੋਂ ਵੱਧ 8.83 ਫੀਸਦੀ ਖੁਰਾਕਾਂ ਤਾਮਿਲਨਾਡੂ ਵਿੱਚ ਖਰਾਬ ਹੋਈਆਂ ਹਨ। ਇਸ ਪਿੱਛੋਂ ਆਸਾਮ ਵਿੱਚ 7.70 ਫੀਸਦੀ, ਮਨੀਪੁਰ ਵਿੱਚ 7.44 ਫੀਸਦੀ, ਹਰਿਆਣਾ ਵਿੱਚ 5.72 ਫੀਸਦੀ ਅਤੇ ਪੰਜਾਬ ਵਿੱਚ 4.98 ਫੀਸਦੀ ਵੈਕਸੀਨ ਖੁਰਾਕਾਂ ਖਰਾਬ ਹੋਈਆਂ ਹਨ। ਉਤਰ ਪ੍ਰਦੇਸ਼ ਕੋਲ ਇਸ ਸਮੇਂ 14.25 ਲੱਖ ਖੁਰਾਕਾਂ ਤੇ ਬਿਹਾਰ ਕੋਲ 8.69 ਲੱਖ ਖੁਰਾਕਾਂ ਪਈਆਂ ਹਨ।

# ਮਾਈਨਿੰਗ ਅਫਸਰ, ਕਲਰਕ ਤੇ ਗਾਰਡ ਰਿਸ਼ਵਤ ਲੈਂਦੇ ਕਾਬੂ

ਐਸ ਏ ਐਸ ਨਗਰ (ਮੁਹਾਲੀ), 4 ਮਈ (ਪੋਸਟ ਬਿਊਰੋ)- ਪੰਜਾਬ ਵਿਜੀਲੈਂਸ ਬਿਊਰੋ ਨੇ ਮਾਈਨਿੰਗ ਅਫਸਰ ਮੁਹਾਲੀ ਸਿਮਰਪ੍ਰੀਤ ਕੌਰ ਢਿੱਲੋਂ, ਦਫਤਰੀ ਕਲਰਕ ਅਮਨ ਸਿੰਘ ਤੇ ਮਾਈਨਿੰਗ ਗਾਰਡ ਪਾਲ ਸਿੰਘ ਉਰਫ ਪਾਲਾ ਨੂੰ 25 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਡੀ ਐਸ ਪੀ ਅਜੈ ਕੁਮਾਰ ਦੀ ਅਗਵਾਈ ਫੜਿਆ ਹੈ। ਇਸ ਟੀਮ ਨੇ ਸਨਅਤੀ ਖੇਤਰ ਮੁਹਾਲੀ ਦੇ ਦਫਤਰ ਵਿੱਚੋਂ ਰੰਗੇ ਹੱਥੀਂ ਗ੍ਰਿਫਤਾਰ ਕਰ ਕੇ ਮਾਈਨਿੰਗ ਅਫਸਰ, ਕਲਰਕ ਅਤੇ ਗਾਰਡ ਦੇ ਵਿਰੁੱਧ ਵਿਜੀਲੈਂਸ ਥਾਣਾ ਮੁਹਾਲੀ ਵਿੱਚ ਭ੍ਰਿਸ਼ਟਾਚਾਰ ਰੋਕੂ ਐਕਟ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ।

ਕੱਲ੍ਹ ਸ਼ਾਮ ਡੀ ਐਸ ਪੀ ਅਜੈ ਕੁਮਾਰ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੂੰ ਪਿਛਲੇ ਕਾਫੀ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਮਾਈਨਿੰਗ ਅਫਸਰ ਰਿਸ਼ਵਤ ਲੈ ਕੇ ਨਾਜਾਇਜ਼ ਮਾਈਨਿੰਗ ਕਰਵਾ ਰਹੇ ਹਨ ਤੇ ਕਈ ਮਾਈਨਿੰਗ ਅਫਸਰਾਂ ਨੇ ਪੱਕੇ ਮਹੀਨੇ ਬੰਨ੍ਹੇ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਬਾਰੇ ਬਲਜਿੰਦਰ ਸਿੰਘ ਦੀ ਸ਼ਿਕਾਇਤ ਉੱਤੇ ਕਾਰਵਾਈ ਕੀਤੀ ਗਈ ਹੈ। ਸ਼ਿਕਾਇਤਕਰਤਾ ਦਾ ਆਨੰਦਪੁਰ ਸਾਹਿਬ ਇਲਾਕੇ ਵਿੱਚ ਸਟੋਨ ਕਰੱਸ਼ਰ ਹੈ। ਮਾਈਨਿੰਗ ਅਫਸਰ ਵੱਲੋਂ ਉਸ ਨੂੰ ਜਾਣਬੁੱਝ ਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਦੋਸ਼ੀਆਂ ਨੇ ਉਸਤੋਂ ਚਾਲੀ ਹਜ਼ਾਰ ਰੁਪਏ ਰਿਸ਼ਵਤ ਮੰਗੀ ਸੀ, ਜਿਸ ਤੋਂ ਉਹ 15 ਹਜ਼ਾਰ ਰੁਪਏ ਪਹਿਲਾਂ ਲੈ ਚੁੱਕੇ ਹਨ ਤੇ ਕੱਲ੍ਹ 25 ਹਜ਼ਾਰ ਦੀ ਦੂਜੀ ਕਿਸ਼ਤ ਲੈਂਦੇ ਰੰਗੇ ਹੱਥੀਂ ਫੜੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਈਨਿੰਗ ਅਫਸਰ ਦੀ ਸੈਕਟਰ 51 ਦੀ ਰਿਹਾਇਸ਼ ਉੱਤੇ ਵਿਜੀਲੈਂਸ ਨੇ ਛਾਪਾ ਮਾਰ ਕੇ ਕਈ ਅਹਿਮ ਦਸਤਾਵੇਜ਼ ਕਬਜ਼ੇ ਵਿੱਚ ਲਏ ਹਨ ਅਤੇ ਅਗਲੀ ਕਾਰਵਾਈ ਜਾਰੀ ਹੈ।




# ਵਾਈਲਡ ਲਾਈਫ ਵਿਭਾਗ ਵੱਲੋਂ ਕਾਠਗੜ੍ਹ ਦੇ ਗਿੱਲ ਫਾਰਮ ਉੱਤੇ ਛਾਪਾ

### *ਤੋਤਿਆਂ ਦੇ 19 ਬੱਚੇ ਅਤੇ ਵੱਖ-ਵੱਖ ਜਾਨਵਰਾਂ ਦਾ ਮੀਟ ਬਰਾਮਦ

ਰੋਪੜ, 4 ਮਈ (ਪੋਸਟ ਬਿਊਰੋ)- ਵਾਈਲਡ ਲਾਈਫ ਵਿਭਾਗ ਰੋਪੜ ਨੂੰ ਜਾਗ੍ਰਿਤੀ ਸੰਸਥਾ ਨੰਗਲ ਦੀ ਗੁਪਤ ਸੂਚਨਾ ਦੇ ਬਾਅਦ ਪ੍ਰਦੇਸ਼ ਵਾਈਲਡ ਲਾਈਫ ਵਿਭਾਗ ਦੇ ਨਵੇਂ ਚੀਫ ਵਾਈਲਡ ਲਾਈਫ ਵਾਰਡਨ ਵਿਦਿਆ ਭੂਸ਼ਣ ਕੁਮਾਰ ਵੱਲੋਂਬਣਾਈ ਟੀਮ ਨੇ ਆਰ ਆਰ ਓ ਮਲਕੀਤ ਸਿੰਘਦੀ ਅਗਵਾਈ ਵਿੱਚ ਰੋਪੜ ਨਾਲ ਲੱਗਦੇ ਕਾਠਗੜ੍ਹ ਏਰੀਏ ਵਿੱਚ ਗਿੱਲ ਫਾਰਮ ਹਾਊਸ ਉੱਤੇ ਛਾਪਾ ਮਾਰਿਆ। ਇਸ ਦੌਰਾਨ ਟੀਮ ਨੇ ਤੋਤੇ ਅਲੈਕਜੈਂਡਰਿਨ ਪੈਰਾਕੀਟ ਦੇ 19 ਬੱਚੇ ਅਤੇ ਉਨ੍ਹਾਂ ਦੇ ਨਾਲ ਮੋਰ ਅਤੇ ਜੰਗਲੀ ਸੂਰ ਦਾ ਮੀਟ ਫੜਿਆ ਹੈ।




ਇਸ ਮੌਕੇ ਨਵਾਂ ਸ਼ਹਿਰ ਤੋਂ ਵਾਈਲਡ ਲਾਈਫ ਦੇ ਆਨਰੇਰੀ ਵਾਰਡਨ ਨਿਖਿਲ ਸੇਂਗਰ ਆਪਣੇ ਚਾਰ ਸਾਥੀਆਂ ਨਾਲਉਚੇਚੇ ਹਾਜ਼ਰ ਸਨ। ਟੀਮ ਨੇ ਜਦ ਗਿੱਲ ਫਾਰਮ ਹਾਊਸ ਉੱਤੇ ਛਾਪਾ ਮਾਰਿਆ ਤਾਂ ਉਥੇ ਮੌਜੂਦ ਗਿੱਲ ਫਾਰਮ ਹਾਊਸ ਦਾ ਮਾਲਕ ਗੁਰਵਿੰਦਰ ਸਿੰਘ ਟੀਮ ਨੂੰ ਚਕਮਾ ਦੇ ਕੇ ਫਰਾਰ ਹੋ ਗਿਆ। ਗੁਰਵਿੰਦਰ ਸਿੰਘ ਕਈ ਸਾਲਾਂ ਤੋਂ ਐਗਜਾਟਿਕ ਬਰਡਸ ਵੇਚਣ ਦਾ ਕੰਮ ਕਰਦਾ ਹੈ। ਇਸ ਦੇ ਨਾਲ ਉਸ ਦਾ ਕੜਕਨਾਥ ਮੁਰਗੇ ਦਾ ਫਾਰਮ ਹਾਊਸ ਹੈ। ਗੁਰਵਿੰਦਰ ਫਾਰਮ ਹਾਊਸ ਵਿੱਚ 35 ਦੇ ਕਰੀਬ ਤੋਤੇ ਦੇ ਬੱਚੇ ਅਤੇ ਚਾਰ ਬਾਜ ਦੇ ਬੱਚੇ ਵੇਚਣ ਲਈ ਲਿਆਇਆ ਸੀ, ਜੋ ਉਸ ਨੇ ਕਿਸੇ ਨੂੰ ਵੇਚ ਦਿੱਤੇ। ਇਸ ਤੋਂ ਪਹਿਲਾਂ ਗੁਰਵਿੰਦਰ ਸਿੰਘ ਦੇ ਕੋਲੋਂ ਗਿੱਦੜ ਦੇ ਬੱਚੇ ਮਿਲੇ ਸਨ, ਜਿਨ੍ਹਾਂ ਨੂੰ ਵਾਤਾਵਰਣ ਪ੍ਰੇਮੀਆਂ ਨੇ ਛੁਡਵਾ ਦਿੱਤਾ ਸੀ।ਮੌਕੇ ਉੱਤੇ ਵਿਭਾਗ ਦੇ ਅਧਿਕਾਰੀਆਂ ਨੂੰ ਦੋ ਡਾਇਰੀਆਂ ਮਿਲੀਆਂ ਹਨ, ਜਿਨ੍ਹਾਂ ਵਿੱਚ ਗੁਰਵਿੰਦਰ ਸਿੰਘ ਨੇ ਵੱਖ-ਵੱਖ ਪੰਛੀਆਂ ਦੇ ਰੇਟ ਲਿਖੇ ਸਨ। ਉਨ੍ਹਾਂ ਵਿੱਚ ਦੋ ਬਾਜ ਦੇ ਬੱਚਿਆਂ ਦੇ ਰੇਟ ਡੇਢ ਲੱਖ ਦੇ ਕਰੀਬ ਸਨ। ਟੀਮ ਨੇ ਪੰਛੀਆਂ ਦੇ ਬੱਚੇ ਅਤੇ ਮੀਟ ਕਬਜੇ ਵਿੱਚ ਲੈ ਕੇ ਵਾਈਲਡ ਲਾਈਫ ਡਿਵੀਜ਼ਨ ਹੁਸ਼ਿਆਰਪੁਰ, ਨਵਾਂ ਸ਼ਹਿਰ ਦੀ ਟੀਮ ਨੂੰ ਸੌਂਪ ਦਿੱਤਾ। ਨਵਾਂ ਸ਼ਹਿਰ ਦੇ ਰੇਂਜ ਅਧਿਕਾਰੀ ਨੇ ਦੱਸਿਆ ਕਿ ਕੋਰਟ ਦੇ ਹੁਕਮਾਂ ਉੱਤੇ ਇਨ੍ਹਾਂ ਪੰਛੀਆਂ ਨੂੰ ਪੰਛੀ ਵਿਹਾਰ ਵਿੱਚ ਭੇਜਿਆ ਜਾਏਗਾ ਅਤੇ ਮੀਟ ਦੇ ਸੈਂਪਲ ਇਕੱਠੇ ਕਰ ਕੇ ਜਾਂਚ ਲਈ ਭੋਪਾਲ ਭੇਜੇ ਜਾਣਗੇ।

# ਆਕਸੀਜਨ ਸਿਲੰਡਰਾਂ ਦੀ ਕਾਲਾਬਾਜ਼ਾਰੀ ਦੇ ਦੋਸ਼ ਵਿੱਚ ਦੋ ਗ੍ਰਿਫ਼ਤਾਰ

ਫ਼ਰੀਦਕੋਟ, 4 ਮਈ (ਪੋਸਟ ਬਿਊਰੋ)- ਜਦੋਂ ਦੇਸ਼ ਦੀਆਂ ਸਾਰੀਆਂ ਸਰਕਾਰਾਂ ਵੱਲੋਂ ਕੋਰੋਨਾ ਪੀੜਤਾਂ ਲਈ ਆਕਸੀਜਨ ਦੀ ਘਾਟ ਨੂੰ ਪੂਰਾ ਕਰਨ ਲਈ ਉਪਰਾਲੇ ਕਰ ਰਹੀਆਂ ਹਨ, ਓਦੋਂ ਵੀਕੁਝ ਲੋਕ ਬਿਪਤਾ ਦੀ ਘੜੀ ਵਿੱਚ ਆਕਸੀਜਨ ਦੀ ਕਾਲਾਬਾਜ਼ਾਰੀ ਕਰਨ ਵਿੱਚ ਲੱਗੇ ਹੋਏ ਆਏ ਦਿਨ ਫੜੇ ਜਾ ਰਹੇ ਹਨ।

ਦਿੱਲੀ ਪੁਲਸ ਨੇ ਪੰਜਾਬ ਤੋਂ ਇੱਕ ਐਂਬੂਲੈਂਸ ਵਿੱਚ ਰੱਖ ਕੇ ਆਕਸੀਜਨ ਸਿਲੰਡਰਾਂ ਦੀ ਮੂੰਹ ਮੰਗੀ ਕੀਮਤ ਉੱਤੇ ਵਿਕਰੀ ਕਰਨ ਵਾਲੇ ਦੋ ਜਣਿਆਂ ਕੇਵਲ ਸਿੰਘ (42) ਵਾਸੀ ਫ਼ਰੀਦਕੋਟ ਅਤੇ ਵਿਨੈ ਕੁਮਾਰ (45) ਵਾਸੀ ਪੱਛਮ ਵਿਹਾਰ ਦਿੱਲੀ ਨੂੰ 20-20 ਕਿੱਲੋ ਵਜ਼ਨੀ ਛੇ ਆਕਸੀਜਨ ਸਿਲੰਡਰਾਂ ਤੇ ਐਂਬੂਲੈਂਸ ਸਣੇ ਕਾਬੂ ਕੀਤਾ ਹੈ। ਇਨ੍ਹਾਂ ਨੇ ਇਹ ਸਿਲੰਡਰ ਦਿੱਲੀ ਲਿਜਾ ਕੇ ਕੋਰੋਨਾ ਮਰੀਜ਼ਾਂ ਨੂੰ 28 ਤੋਂ 35 ਹਜ਼ਾਰ ਰੁਪਏ ਪ੍ਰਤੀ ਸਿਲੰਡਰ ਦੇ ਹਿਸਾਬ ਨਾਲ ਵੇਚਣੇ ਸਨ। ਪੁਲਸ ਨੂੰ ਸੂਚਨਾ ਮਿਲੀ ਕਿ ਕੁਝ ਲੋਕ ਐਂਬੂਲੈਂਸ ਵਿੱਚ ਆਕਸੀਜਨ ਸਿਲੰਡਰਾਂ ਦੀ ਕਾਲਾਬਾਜ਼ਾਰੀ ਕਰਨ ਵਿੱਚ ਲੱਗੇ ਹੋਏ ਹਨ। ਜਦ ਨੋਇਡਾ ਪੁਲਸ ਨੂੰ ਇਹ ਖ਼ਬਰ ਮਿਲੀ ਤਾਂ ਛਾਪੇ ਦੌਰਾਨ ਪੁਲਸ ਪਾਰਟੀ ਨੂੰ ਐਂਬੂਲੈਂਸ ਵਿੱਚੋਂ ਛੇ ਸਿਲੰਡਰ ਬਰਾਮਦ ਹੋਏ। ਇਸ ਤੋਂ ਇਲਾਵਾ ਦੋਵਾਂ ਕੋਲੋਂ 53300 ਰੁਪਏ ਬਰਮਦ ਕਰ ਕੇ ਪੁਲਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ।ਫ਼ਰੀਦਕੋਟ ਨਾਲ ਸਬੰਧਤ ਗ੍ਰਿਫ਼ਤਾਰ ਕੀਤਾ ਗਿਆ ਦੋਸ਼ੀ ਕੇਵਲ ਸਿੰਘ ਇਲਾਕੇ ਦੀ ਇੱਕ ਸਮਾਜਸੇਵੀ ਸੰਸਥਾ ਦੀ ਐਂਬੂਲੈਂਸ ਉੱਤੇ ਡਰਾਇਵਰੀ ਕਰਦਾ ਹੈ ਅਤੇ ਇਸ ਨਾਲ ਕਈ ਕੁਝ ਜ਼ਾਹਰ ਹੋਣ ਦੀ ਆਸ ਹੈ।

## ਡਰਾਈਵਰਾਂ ਦੀ ਲੋੜ

ਰੰਗੀ ਬ੍ਰਦਰ ਲੌਜਿਸਟਿਕਸ ਕੈਲੇਡਨ ਤੋਂ ਸਾਊਥ ਵੈਸਟ ਲੌਂਗਹੌਲ ਰਨ ਵਾਸਤੇ ਓਹਾਇਓ, ਜੌਰਜੀਆ ਲਈ ਡਰਾਈਵਰ ਹਾਇਰ ਕਰ ਰਹੇ ਹਨ।

***58 ਸੈਂਟ ਪ੍ਰਤੀ ਮਾਈਲ *ਆਟੋਮੈਟਿਕ ਟਰੱਕ *ਘੱਟ ਤੋਂ ਘੱਟ 1 ਸਾਲ ਦਾ ਤਜ਼ਰਬਾ**

ਜ਼ਿਆਦਾ ਜਾਣਕਾਰੀ ਲਈ ਜਗਜੀਤ ਢੀਂਡਸਾ ਨਾਲ ਸੰਪਰਕ ਕਰੋ

**647-960-7989**

# ਠੇਕੇਦਾਰ ਤੋਂ 15 ਲੱਖ ਦੀ ਫਿਰੌਤੀ ਮੰਗਣ ਵਾਲੇ ਦੋਸ਼ੀ ਨਾਮਜ਼ਦ

### * ਨਗਰ ਪੰਚਾਇਤ ਦੇ ਮੀਤ ਪ੍ਰਧਾਨ ਖਾਨ ਉੱਤੇ ਦੋਸ਼



ਬਠਿੰਡਾ, 4 ਮਈ (ਪੋਸਟ ਬਿਊਰੋ)- ਨਗਰ ਪੰਚਾਇਤ ਤਲਵੰਡੀ ਸਾਬੋ ਦੇ ਮੌਜੂਦਾ ਮੀਤ ਪ੍ਰਧਾਨ ਅਜੀਜ ਖਾਨ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸੜਕ ਬਣਾਉਣ ਵਾਲੇ ਠੇਕੇਦਾਰ ਕੋਲੋਂ 15 ਲੱਖ ਦੀ ਫਿਰੌਤੀ ਇੱਕ ਕਰੋੜ ਤਿੰਨ ਲੱਖ ਰੁਪਏ ਦਾ ਟੈਂਡਰ ਜਾਰੀ ਕਰਨ ਬਦਲੇ ਮੰਗੀ। ਜਦੋਂ ਠੇਕੇਦਾਰ ਨੇ ਫਿਰੌਤੀ ਦੇਣ ਤੋਂ ਮਨ੍ਹਾ ਕਰ ਦਿੱਤਾ ਤਾਂ ਮੀਤ ਪ੍ਰਧਾਨ ਨੇ ਆਪਣੇ ਅੱਧਾ ਦਰਜਨ ਸਾਥੀਆਂ ਨਾਲ ਮਿਲ ਕੇ ਠੇਕੇਦਾਰ ਦੀ ਕੁੱਟਮਾਰ ਕਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ ਅਤੇ ਉਸ ਦੇ ਲੜਕੇ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ।

ਥਾਣਾ ਤਲਵੰਡੀ ਸਾਬੋ ਦੀ ਪੁਲਸ ਨੇ ਪੀੜਤ ਠੇਕੇਦਾਰ ਦੀ ਸ਼ਿਕਾਇਤ ਉੱਤੇ ਅਜੀਜ ਖਾਨ, ਭਿੰਦਰ ਸਰਾਂ ਅਤੇ ਛੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਆਰੰਭ ਕਰ ਦਿੱਤੀ ਹੈ।ਪੁਲਸ ਨੂੰ ਤਲਵੰਡੀ ਸਾਬੋ ਦੇ ਰਹਿਣ ਵਾਲੇ ਠੇਕੇਦਾਰ ਲਛਮਣ ਦਾਸ ਨੇ ਦੱਸਿਆ ਕਿ ਉਹ ਸੜਕਾ ਬਣਾਉਣ ਦਾ ਠੇਕਾ ਲੈਂਦਾ ਹੈ ਅਤੇ ਨਗਰ ਪੰਚ-ਾਇਤ ਤਲਵੰਡੀ ਸਾਬੋ ਨੇ ਕੁਝ ਦਿਨ ਪਹਿਲਾਂ ਵੱਖ-ਵੱਖ ਵਿਕਾਸ ਕੰਮਾਂ ਦੇ ਲਈ ਇੱਕ ਕਰੋੜ ਤਿੰਨ ਲੱਖ ਰੁਪਏ ਦੇ ਟੈਂਡਰ ਜਾਰੀ ਕੀਤੇ ਗਏ ਸਨ। ਉਸ ਨੇ ਇਹ ਟੈਂਡਰ ਭਰੇ ਸਨ। ਟੈਂਡਰ ਖੁੱਲ੍ਹਣ ਤੋਂ ਬਾਅਦ ਮੀਤ ਪ੍ਰਧਾਨ ਅਜੀਜ ਖਾਨ ਨੇ ਉਸ ਕੋਲੋਂ 15 ਲੱਖ ਰੁਪਏ ਦੀ ਫਿਰੌਤੀ ਮੰਗੀ, ਪਰ ਉਸ ਨੇ ਫਿਰੌਤੀ ਦੇਣ ਤੋਂ ਇਨਕਾਰ ਕਰ ਦਿੱਤਾ। ਠੇਕੇਦਾਰ ਨੇ ਦੱਸਿਆ ਕਿ ਜਦ ਉਹ ਆਪਣੇ ਘਰ ਵਾਪਸ ਜਾ ਰਿਹਾ ਸੀ ਤਾਂ ਉਕਤ ਪ੍ਰਧਾਨ ਤੇ ਉਸ ਦੇ ਸਾਥੀ ਭਿੰਦਰ ਸਰਾਂ ਸਮੇਤ ਅੱਧਾ ਦਰਜਨ ਵਿਅਕਤੀਆਂ ਨੇ ਉਸ ਨੂੰ ਘੇਰ ਲਿਆ ਤੇ ਉਸ ਦੀ ਕੁੱਟਮਾਰ ਕੀਤੀ ਤੇ ਜਾਣ ਲੱਗਾ ਪਿਸਤੌਲ ਵਿਖਾ ਕੇ ਉਸ ਨੂੰ ਧਮਕੀ ਦੇ ਗਿਆ ਕਿ ਜੇ ਉਸ ਨੇ ਪੈਸੇ ਨਾ ਦਿੱਤੇ ਤਾ ਉਸ ਦੇ ਲੜਕੇ ਨੂੰ ਜਾਨੋਂ ਮਾਰ ਦੇਵੇਗਾ। ਕੇਸ ਦੀ ਜਾਂਚ ਕਰ ਰਹੇ ਏ ਐਸ ਆਈ ਬੂਟਾ ਸਿੰਘ ਨੇ ਦੱਸਿਆ ਕਿ ਪੀੜਤ ਠੇਕੇਦਾਰ ਦੀ ਸ਼ਿਕਾਇਤ ਉੱਤੇਪਰਚਾ ਦਰਜ ਕਰ ਲਿਆ ਗਿਆ ਹੈ।

ਸੁਪਰੀਮ ਕੋਰਟ ਨੇ ਕਿਹਾ:

## ਮਦਰਾਸ ਹਾਈਕੋਰਟ ਦੀ 'ਕਤਲ ਕੇਸ' ਵਾਲੀ ਗੱਲ ਨੂੰ ਚੋਣ ਕਮਿਸ਼ਨ ਦਵਾਈ ਦੀ ਕੌੜੀ ਗੋਲੀ ਸਮਝੇ

ਨਵੀਂ ਦਿੱਲੀ, 4 ਮਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਮਦਰਾਸ ਹਾਈ ਕੋਰਟ ਦੀ ਹੱਤਿਆ ਦੇ ਇਲਜ਼ਾਮ ਵਾਲੀ ਟਿੱਪਣੀ ਨੂੰ ਸਹੀ ਭਾਵਨਾ ਵਿੱਚ ਲੈਣ ਦਾ ਮਸ਼ਵਰਾ ਦਿੰਦਿਆਂ ਕਿਹਾ ਹੈ ਕਿ ਮਦਰਾਸ ਹਾਈ ਕੋਰਟ ਦੀ ਟਿੱਪਣੀ ਨੂੰ ਉਹ (ਚੋਣ ਕਮਿਸ਼ਨ) ਉਸ ਕੌੜੀ ਦਵਾਈ ਵਾਂਗ ਨਿਗਲ ਜਾਵੇ, ਜੋ ਇੱਕ ਡਾਕਟਰ ਕਿਸੇ ਮਰੀਜ਼ ਦੀ ਬਿਮਾਰੀ ਦਾ ਇਲਾਜ ਕਰਨ ਲਈ ਦਿੰਦਾ ਹੈ। ਕੋਰਟ ਨੇ ਟਿੱਪਣੀ ਕਰਦਿਆਂ ਕਮਿਸ਼ਨ ਨੂੰ ਇਹ ਵੀ ਕਿਹਾ ਕਿ ਉਹ ਭਾਵੇਂ ਸੰਵਿਧਾਨਕ ਸੰਸਥਾ ਹੈ, ਪਰ ਨਿਆਂਇਕ ਸਮੀਖਿਆ ਤੋਂ ਉਹ ਵੀ ਬਾਹਰ ਨਹੀਂ ਹੈ।

ਵਰਨਣ ਯੋਗ ਹੈ ਕਿ ਚੋਣ ਰੈਲੀਆਂ ਉੱਤੇ ਮਦਰਾਸ ਹਾਈ ਕੋਰਟ ਵੱਲੋਂ ਚੋਣ ਕਮਿਸ਼ਨ ਬਾਰੇ ਕੀਤੀਆਂ



ਟਿੱਪਣੀਆਂ ਨੂੰ ਲੈ ਕੇ ਕਮਿਸ਼ਨ ਨੇ ਇਤਰਾਜ਼ ਪ੍ਰਗਟ ਕਰਦਿਆਂ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ ਸੀ ਜਿਸਦੀ ਸੁਣਵਾਈ ਕਰਦਿਆਂ ਅਦਾਲਤ ਨੇ ਉਕਤ ਟਿੱਪਣੀਆਂ ਕੀਤੀਆਂ। ਚੋਣ ਕਮਿਸ਼ਨ ਨੇ ਨਰਾਜ਼ਗੀ ਪ੍ਰਗਟ ਕਰਦਿਆਂ ਕਿਹਾ ਕਿ ਉਸ ਨੂੰ ਜਵਾਬ ਦੇਣ ਦਾ ਮੌਕਾ ਦਿੱਤੇ ਬਗੈਰ ਉਸ ਦੀ ਨਿਖੇਧੀ ਕੀਤੀ ਗਈ। ਕੇਸ ਦੀ ਸੁਣਵਾਈ ਕਰ ਰਹੇ ਜਸਟਿਸ ਚੰਦਰਚੂੜ ਨੇ ਮੀਡੀਆ ਦੀ ਰਿਪੋਰਟਿੰਗਬਾਰੇ ਕਿਹਾ ਕਿ ਅਦਾਲਤ ਵਿੱਚ ਜੋ ਕੁਝ ਹੋਵੇ, ਮੀਡੀਆ ਨੂੰ ਪੂਰੀ ਤਰ੍ਹਾਂ ਰਿਪੋਰਟ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੁਣਵਾਈ ਦੌਰਾਨ ਜੇ ਜੱਜ ਕੁਝ ਕਹਿੰਦਾ ਹੈ ਤਾਂ ਉਹ ਲੋਕਾਂ ਦੇ ਵੱਡੇ ਹਿਤਾਂ ਲਈ ਹੁੰਦਾ ਹੈ, ਉਸ ਨੂੰ ਸਹੀ ਭਾਵਨਾ ਵਿੱਚ ਵੇਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਗਾਤਾਰ ਆਦੇਸ਼ਾਂ ਤੋਂ ਬਾਅਦ ਵੀ ਜੇ ਕਾਰਵਾਈ ਨਾ ਹੋਵੇ ਤਾਂ ਹਾਈ ਕੋਰਟ ਨੂੰ ਤਕਲੀਫ ਹੁੰਦੀ ਹੈ। ਜਸਟਿਸ ਚੰਦਰਚੂੜ ਨੇ ਜੱਜਾਂ ਦੇ ਮਨੁੱਖੀ ਪੱਖ ਦੱਸ ਕੇ ਕਿਹਾ ਕਿ ਜੱਜ ਵੀ ਇਨਸਾਨ ਹਨ, ਉਨ੍ਹਾਂ ਨੂੰ ਤਣਾਅ ਹੁੰਦਾ ਹੈ। ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਅਮਲ ਅਤੇ ਆਦੇਸ਼ਾਂ ਦਾ ਪੱਖ ਪੂਰਦਿਆਂ ਕਿਹਾ ਕਿ ਅਸੀਂ ਆਪਣੀਹਾਈ ਕੋਰਟ ਦਾ ਆਤਮ ਵਿਸ਼ਵਾਸ ਨਹੀਂ ਤੋੜਨਾ ਚਾਹੁੰਦੇ।

## ਕਰਨਾਟਕ ਦੇ ਇਕ ਹਸਪਤਾਲ ਵਿੱਚ ਆਕਸੀਜਨ ਦੀ ਕਮੀ ਕਾਰਨ 24 ਮੌਤਾਂ

ਬੈਂਗਲੁਰੂ, 4 ਮਈ (ਪੋਸਟ ਬਿਊਰੋ)- ਕਰਨਾਟਕ ਦੇ ਚਾਮਰਾਜਨਗਰ ਦੇ ਇੱਕ ਜ਼ਿਲ੍ਹਾ ਹਸਪਤਾਲ ਵਿੱਚ ਆਕਸੀਜਨ ਦੀ ਕਮੀ ਕਾਰਨ 23 ਕੋਰੋਨਾ ਮਰੀਜ਼ਾਂ ਸਮੇਤ 24 ਮਰੀਜ਼ਾਂ ਦੀ ਮੌਤ ਹੋ ਗਈ ਹੈ।

ਇਸ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਮੌਤ ਦੀ ਖ਼ਬਰ ਸੁਣ ਕੇ ਮਰੀਜ਼ਾਂ ਦੇ ਪਰਵਾਰਕ ਮੈਂਬਰਾਂ ਨੇ ਹਸਪਤਾਲ ਵਿੱਚ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਪ੍ਰਦਰਸ਼ਨ ਕੀਤਾ ਤੇ ਦੋਸ਼ ਲਾਇਆ ਕਿ ਹਸਪਤਾਲ ਵਿੱਚ ਆਕਸੀਜਨ ਦੀ ਕਮੀ ਨੂੰ ਹਸਪਤਾਲ ਪ੍ਰਸ਼ਾਸਨ ਨੇ ਨਜ਼ਰਅੰਦਾਜ਼ ਕੀਤਾ ਸੀ। ਕੈਬਨਿਟ ਮੰਤਰੀ ਐਸ ਸੁਰੇਸ਼ ਕੁਮਾਰ ਨੇ ਕਿਹਾ ਕਿ ਉਨ੍ਹਾਂ ਹਸਪਤਾਲ ਪ੍ਰਸ਼ਾਸਨ ਨੂੰ ਮੌਤਾਂ ਦੀ ਜਾਂਚ ਦੀ ਆਡਿਟ ਰਿਪੋਰਟ ਦੇਣ ਲਈ ਕਿਹਾ ਹੈ। ਇਹ ਮੌਤਾਂ ਪਿਛਲੇ 24 ਘੰਟਿਆਂ ਦੇ ਦੌਰਾਨ ਹੋਈਆਂ ਹਨ, ਜਦਕਿ



ਆਕਸੀਜਨ ਦੀ ਕਮੀ ਬਾਅਦ ਦੁਪਹਿਰ 12.30 ਵਜੇ ਤੋਂ 2.30 ਵਜੇ ਤੱਕ ਸੀ। ਸੂਬੇ ਦੇ ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਨੇ ਡਿਪਟੀ ਕਮਿਸ਼ਨਰ ਤੋਂ ਘਟਨਾ ਬਾਰੇ ਜਾਣਕਾਰੀ ਲਈ ਹੈ।

## ਸਿਰਸਾ ਡੇਰੇ ਦੇ ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਕੇਸ ਦੀ ਸੁਣਵਾਈ 20 ਅਗਸਤ ਤੱਕ ਮੁਲਤਵੀ

ਚੰਡੀਗੜ੍ਹ, 4 ਮਈ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਦੇ ਖਿਲਾਫ ਡੇਰੇ ਵਿੱਚ ਸਾਧੂਆਂ ਨੂੰ ਨਿਪੁੰਸਕ ਬਣਾਏ ਜਾਣ ਦੇ ਕੇਸ ਦੀ ਜਲਦੀ ਸੁਣਵਾਈ ਕਰਨ ਦੀ ਸੀ ਬੀ ਆਈ ਦੀ ਮੰਗ ਉੱਤੇ ਹਾਈ ਕੋਰਟ ਨੇ ਸੁਣਵਾਈ 20 ਅਗਸਤ ਤੱਕ ਟਾਲ ਦਿੱਤੀ ਹੈ ਅਤੇ ਪੰਚਕੂਲਾ ਸੀ ਬੀ ਆਈ ਕੋਰਟ ਨੂੰ ਹੁਕਮ ਦਿੱਤਾ ਹੈ ਕਿ ਉਹ ਅਗਲੀ ਸੁਣਵਾਈ ਤੱਕ ਇਸ ਕੇਸ ਦਾ ਕੋਈ ਵੀ ਦਸਤਾਵੇਜ਼ ਬਚਾਅ ਪੱਖ ਨੂੰ ਨਾ ਦੇਵੇ।

ਅਸਲ ਵਿੱਚ ਪੰਚਕੂਲਾ ਸੀ ਬੀ ਆਈ ਕੋਰਟ ਨੇ 16 ਫਰਵਰੀ 2019 ਨੂੰ ਇਸ ਕੇਸ ਦੇ ਦਸਤਾਵੇਜ਼ ਡੇਰਾ ਮੁਖੀ ਤੇ ਬਾਕੀ ਦੋਸ਼ੀਆਂ ਨੂੰ ਸੌਂਪਣ ਦੇ ਹੁਕਮ ਦਿੱਤੇ ਸਨ ਅਤੇ ਇਸੇ ਹੁਕਮ ਨੂੰ ਸੀ ਬੀ ਆਈ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਹੈ।ਸੀ ਬੀ ਆਈ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਦੱਸਿਆ ਕਿ ਸੀ ਬੀ ਆਈ ਨੇ ਪਹਿਲੇ ਸਾਲ 2019 ਵਿੱਚ ਹਾਈ ਕੋਰਟ ਵਿੱਚ ਅਰਜ਼ੀ ਦਿੱਤੀ ਸੀ ਤਾਂ ਪੰਚਕੂਲਾ ਸੀ ਬੀ ਆਈ ਕੋਰਟ ਦੇ ਉਸ ਹੁਕਮ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ, ਜਿੱਥੇ ਪੰਚਕੂਲਾ ਦੀ ਸੀ ਬੀ ਆਈ ਕੋਰਟ ਨੇ ਇਸ ਕੇਸ ਦੀ ਡਾਇਰੀ ਅਤੇ ਦਸਤਾਵੇਜ਼ ਡੇਰਾ ਮੁਖੀ ਸਮੇਤ ਇਸ ਕੇਸ ਦੇ ਬਾਕੀ ਦੋਸ਼ੀਆਂ ਨੂੰ ਦਿੱਤੇ ਸਨ। ਓਦੋਂ ਹਾਈ ਕੋਰਟ ਨੇ ਸੀ ਬੀ ਆਈ ਦੀ ਪਟੀਸ਼ਨ ਉੱਤੇ ਡੇਰਾ ਮੁਖੀ ਅਤੇ ਹੋਰਨਾਂ ਦੋਸ਼ੀਆਂ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਅਤੇ ਸੀ ਬੀ ਆਈ ਕੋਰਟ ਨੂੰ ਹੁਕਮ ਦਿੱਤੇ ਸਨ ਕਿ ਉਹ ਹਾਈ ਕੋਰਟ ਵਿੱਚ ਇਸ ਅਰਜ਼ੀ ਉੱਤੇ ਅਗਲੀ ਸੁਣਵਾਈ ਤੋਂ ਪਹਿਲਾਂ ਇਸ ਕੇਸ ਦੀ ਸੁਣਵਾਈ ਨਾ ਕਰੇ। ਇਸ ਵਾਰ ਸੀ ਬੀ ਆਈ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਦੱਸਿਆ ਕਿ ਹਾਈ ਕੋਰਟ ਦੇ ਉਨ੍ਹਾਂ ਹੁਕਮਾਂ ਦੇ ਬਾਅਦ ਸੀ ਬੀ ਆਈ ਕੋਰਟ ਵਿੱਚ ਇਸ ਕੇਸ ਦੀ ਸੁਣਵਾਈ ਨਹੀਂ ਹੋਈ, ਕਿਉਂਕਿ ਹਾਈ ਕੋਰਟ ਵਿੱਚ ਸੀ ਬੀ ਆਈ ਦੀ ਅਰਜ਼ੀ ਉੱਤੇ ਆਖਰੀ ਵਾਰ ਦਸੰਬਰ 2019 ਵਿੱਚ ਸੁਣਵਾਈ ਹੋਈ ਸੀ ਅਤੇ ਤਦ ਹਾਈ ਕੋਰਟ ਨੇ ਇਸ ਅਰਜ਼ੀ ਉੱਤੇ ਸੁਣਵਾਈ ਤੀਹ ਮਾਰਚ 2020 ਤੱਕ ਟਾਲ ਦਿੱਤੀ ਸੀ। ਉਸ ਦੇ ਬਾਅਦ ਕੋਰੋਨਾ ਵਾਇਰਸ ਦੇ ਕਾਰਨ ਸੁਣਵਾਈ ਰੁਕੀ ਹੋਈ ਹੈ।

## ਅਦਾਲਤ ਨੇ ਕਿਹਾ, ਦਿੱਲੀ ਦੇ 2020 ਦੇ ਦੰਗੇ ਵੰਡ ਸਮੇਂ ਹੋਏ ਮਨੁੱਖੀ ਕਤਲੇਆਮ ਦੀ ਯਾਦ ਦਿਵਾਉਂਦੇ ਨੇ

ਨਵੀਂ ਦਿੱਲੀ, 4 ਮਈ (ਪੋਸਟ ਬਿਊਰੋ)- ਦਿੱਲੀ ਦੀ ਇੱਕ ਅਦਾਲਤ ਨੇ 2020 ਦੇ ਦਿੱਲੀ ਦੰਗਿਆਂ ਨੂੰ 'ਭਾਰਤ-ਪਾਕਿ ਵੰਡ ਸਮੇਂ ਹੋਏ ਮਨੁੱਖੀ ਕਤਲੇਆਮ' ਯਾਦ ਦਿਵਾਉਣ ਵਾਲੇ ਦੱਸਿਆ ਹੈ। ਅਦਾਲਤ ਨੇ ਵਿਆਪਕ ਪੱਧਰ ਉੱਤੇ ਹੋਈ ਹਿੰਸਾ ਦੌਰਾਨ ਦੂਜੇ ਧਰਮ ਦੇ ਇੱਕ ਲੜਕੇ ਉੱਤੇ ਹਮਲਾ ਕਰਨ ਦੇ ਦੋਸ਼ੀ ਸਿਰਾਜ ਦੀ ਅਗਾਊਂ ਜ਼ਮਾਨਤ ਦੀ ਅਪੀਲ ਰੱਦ ਕਰਦੇ ਹੋਏ ਇਹ ਟਿੱਪਣੀ ਕੀਤੀ। ਗ੍ਰਿਫਤਾਰੀ ਦੇ ਡਰ ਕਾਰਨ ਸਿਰਾਜ ਅਹਿਮਦ ਖ਼ਾਨ ਨੇ ਅਦਾਲਤ ਵਿੱਚ ਅਗਾਊਂ ਜ਼ਮਾਨਤ ਦੀ ਬੇਨਤੀ ਕਰਦੇ ਹੋਏ ਦਾਅਵਾ ਕੀਤਾ ਸੀ ਕਿ ਉਸ ਨੂੰ ਇਸ ਕੇਸ ਵਿੱਚ ਗ਼ਲਤ ਤਰੀਕੇ ਨਾਲ ਫਸਾਇਆ ਗਿਆ ਤੇ ਉਸ ਦਾ ਇਸ ਸਾਰੇ ਅਪਰਾਧ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਅਗਾਊਂ ਜ਼ਮਾਨਤ ਦੀ ਅਪੀਲ ਰੱਦ ਕਰ ਕੇ ਐਡੀਸ਼ਨਲ ਸੈਸ਼ਨ ਜੱਜ




ਵਿਨੋਦ ਯਾਦਵ ਨੇ ਕਿਹਾ ਕਿ ਦੋਸ਼ੀ ਦੇ ਵਿਰੁੱਧ ਲੱਗੇ ਦੋਸ਼ ਗੰਭੀਰ ਹਨ ਅਤੇ ਫਿਰਕੂ ਦੰਗਿਆਂ ਦੀ ਅੱਗ ਭੜਕਾਉਣ ਅਤੇ ਉਸਦੀ ਸਾਜ਼ਿਸ਼ ਰਚੇ ਜਾਣ ਦਾ ਪਰਦਾਫ਼ਾਸ਼ ਕਰਨ ਲਈ ਉਸ ਦੀ ਗ੍ਰਿਫਤਾਰੀ ਬਹੁਤ ਜ਼ਰੂਰੀ ਹੈ।ਵਰਨਣ ਯੋਗ ਹੈ ਕਿ ਪਿਛਲੇ ਸਾਲ ਫ਼ਰਵਰੀ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਸਮਰਥਕਾਂ ਅਤੇ ਵਿਰੋਧੀਆਂ ਵਿਚਾਲੇ ਝੜਪਾਂ ਬੇਕਾਬੂ ਹੋ ਜਾਣ ਨਾਲ ਉੱਤਰ ਪੂਰਬੀ ਦਿੱਲੀ ਖੇਤਰ ਵਿੱਚ ਫਿਰਕੂ ਦੰਗੇ ਭੜਕ ਗਏ ਸਨ, ਜਿਸ ਵਿੱਚ ਘੱਟੋ ਘੱਟ 53 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਰੀਬ 200 ਲੋਕ ਜ਼ਖ਼ਮੀ ਹੋਏ ਸਨ। ਜੱਜ ਨੇ ਆਪਣੇ 29 ਅਪ੍ਰੈਲ ਦੇ ਹੁਕਮ ਵਿੱਚ ਕਿਹਾ, 'ਇਹ ਸਭ ਨੂੰ ਪਤਾ ਹੈ ਕਿ 24-25 ਫਰਵਰੀ 2020 ਦੇ ਮਨਹੂਸ ਦਿਨ ਉਤਰ ਪੂਰਬੀ ਦਿੱਲੀ ਦੇ ਕੁਝ ਹਿੱਸੇ ਫਿਰਕੂ ਦੰਗਿਆਂ ਦੀ ਭੇਟ ਚੜ੍ਹ ਗਏ, ਜੋ ਵੰਡ ਸਮੇਂ ਹੋਏ ਮਨੁੱਖੀ ਕਤਲੇਆਮ ਦੀ ਯਾਦ ਦਿਵਾਉਂਦੇ ਹਨ।' ਇਸ ਦੇ ਨਾਲ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਗਈ।

ਹਾਈ ਕੋਰਟ ਦਾ ਫੈਸਲਾ:

## 16 ਸਾਲ ਦੀ ਮੁਸਲਿਮ ਲੜਕੀ ਪਸੰਦ ਦੇ ਲੜਕੇ ਨਾਲ ਵਿਆਹ ਕਰਵਾ ਸਕਦੀ ਹੈ

ਚੰਡੀਗੜ੍ਹ, 4 ਮਈ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਅਹਿਮ ਫੈਸਲੇ ਵਿੱਚ ਕਿਹਾ ਹੈ ਕਿ 16 ਸਾਲ ਦੀ ਮੁਸਲਿਮ ਲੜਕੀ ਆਪਣੀ ਪਸੰਦ ਦੇ ਲੜਕੇ ਨਾਲ ਵਿਆਹ ਕਰਵਾ ਸਕਦੀ ਹੈ। ਕਾਨੂੰਨੀ ਤੌਰ ਉੱਤੇ ਇਸ ਵਿਆਹ ਵਿੱਚ ਦਖਲਨਹੀਂ ਦਿੱਤਾ ਜਾ ਸਕਦਾ ਅਤੇ ਇਸ ਨੂੰ ਮੰਨਣਾ ਹੋਵੇਗਾ। ਜਸਟਿਸ ਸੁਦੀਪ ਆਹਲੂਵਾਲੀਆ ਨੇ ਇਸ ਕੇਸ ਵਿਚ ਜਾਨ-ਮਾਲ ਦੀ ਸੁਰੱਖਿਆ ਕਰਨਬਾਰੇ ਮਿਲੀ ਅਰਜ਼ੀ ਉੱਤੇ ਜਮਨਾਨਗਰ ਦੇ ਐਸ ਪੀ ਨੂੰ ਫੈਸਲੇ ਲੈਣ ਦੇ ਹੁਕਮ ਦਿੱਤੇ ਹਨ। ਲੜਕਾ-ਲੜਕੀ ਨੇ ਅਰਜ਼ੀ ਦੇ ਕੇ ਕਿਹਾ ਹੈ ਕਿ ਦੋਵਾਂ ਨੇ ਆਪਣੇ ਪਰਵਾਰ ਦੀ ਇੱਛਾ ਦੇ ਖਿਲਾਫ ਨਿਕਾਹ ਕੀਤਾ ਹੈ, ਇਸ ਕਾਰਨ ਉਨ੍ਹਾਂ ਨੂੰ ਆਪਣੇ ਪਰਵਾਰਾਂ ਵੱਲੋਂ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ।




ਪਟੀਸ਼ਨਰ ਪੱਖ ਵੱਲੋਂ ਵਕੀਲ ਸੰਚਿਤ ਪੂਨੀਆ ਨੇ ਕੋਰਟ ਨੂੰ ਕਿਹਾ ਕਿ ਲੜਕੀ ਦੀ ਉਮਰ 16 ਸਾਲ ਤੋਂ ਉਪਰ ਅਤੇ ਲੜਕੇ ਦੀ ਉਮਰ 36 ਸਾਲ ਹੈ। ਦੋਵਾਂ ਨੇ ਮੁਸਲਿਮ ਧਰਮ ਮੁਤਾਬਕ ਨਿਕਾਹ ਕੀਤਾ ਹੈ ਅਤੇ ਇਹ ਉਨ੍ਹਾਂ ਦਾ ਪਹਿਲਾ ਵਿਆਹ ਹੈ। ਪਰਵਾਰ ਦੀ ਇੱਛਾ ਵਿਰੁੱਧ ਨਿਕਾਹ ਕਰਨ ਉੱਤੇ ਦੋਵੇਂ ਪਰਵਾਰ ਵਾਲੇ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਰਹੇ ਹਨ। ਪ੍ਰਸਨਲ ਲਾ ਆਫ ਦਿ ਮੁਸਲਿਮਸ ਅਨੁਸਾਰ ਨਿਕਾਹ ਦੀ ਉਮਰ 16 ਸਾਲ ਤੈਅ ਕੀਤੀ ਅਤੇ ਨਿਕਾਹ ਕਰਨ ਦੀ ਛੋਟ ਦਿੱਤੀ ਗਈ ਹੈ। ਇਸ ਲਈ ਵਿਆਹ ਗੈਰ ਕਾਨੂੰਨੀ ਕਰਾਰ ਨਹੀਂ ਦਿੱਤਾ ਜਾ ਸਕਦਾ ਤੇ ਦੋਵਾਂ ਦੇ ਜਾਨ-ਮਾਲ ਦੀ ਸੁਰੱਖਿਆ ਹੋਣੀ ਚਾਹੀਦੀ ਹੈ। ਹਾਈ ਕੋਰਟ ਨੇ ਇਸ ਨਾਲ ਸਹਿਮਤੀ ਹੁੰਦਿਆਂ ਕਿਹਾ ਕਿ ਪ੍ਰਸਨਲ ਲਾਅ ਮੁਤਾਬਕ 16 ਸਾਲ ਦੀ ਉਮਰ ਵਿੱਚ ਨਿਕਾਹ ਹੋ ਸਕਦਾ ਹੈ, ਇਸ ਨੂੰ ਗੈਰ ਕਾਨੂੰਨੀ ਨਹੀਂ ਕਿਹਾ ਜਾ ਸਕਦਾ।

## ਵਿਦਿਆਰਥੀਆਂ ਬਦਲੇ ਓਥੇ ਰਹਿੰਦੇ ਗੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਯੂ ਕੇ ਵਾਪਸ ਭੇਜਣਾ ਚਾਹੁੰਦੈ

ਲੰਡਨ, 4 ਮਈ (ਪੋਸਟ ਬਿਊਰੋ)- ਬ੍ਰਿਟੇਨ ਹਜ਼ਾਰਾਂ ਹੋਰ ਭਾਰਤੀ ਵਿਦਿਆਰਥੀਆਂ ਨੂੰ ਯੂ ਕੇ ਦੀਆਂ ਯੂਨੀਵਰਸਿਟੀਆਂ ਵਿੱਚ ਦਾਖ਼ਲੇ ਦੀ ਇਜਾਜ਼ਤ ਦੇਵੇਗਾ ਜੇ ਭਾਰਤ ਇਸ ਦੇ ਬਦਲੇ ਯੂ ਕੇ ਵਿੱਚ ਰਹਿੰਦੇ ਗ਼ੈਰ-ਕਾਨੂੰਨੀ ਪ੍ਰਵਾਸੀ ਭਾਰਤੀਆਂ ਨੂੰ ਵਾਪਸ ਲੈਣ ਲਈ ਸਹਿਮਤ ਹੋ ਜਾਵੇ। ਲੰਡਨ ਅਤੇ ਨਵੀਂ ਦਿੱਲੀ ਵਿਚਕਾਰ 'ਪ੍ਰਵਾਸ ਅਤੇ ਗਤੀਸ਼ੀਲਤਾ ਭਾਈਵਾਲੀ' ਉੱਤੇ ਦਸਤਖਤ ਕਰਨ ਦੀ ਯੋਜਨਾ ਹੈ, ਜਿਸ ਦੇ ਤਹਿਤ ਇਹ ਸਮਝੌਤਾ ਵੀ ਵਿਚਾਰ ਅਧੀਨ ਹੈ।

ਇਸ ਬਾਰੇ ਬ੍ਰਿਟਿਸ਼ ਸਰਕਾਰ ਦੇ ਅੰਦਰਲੇ ਸੂਤਰਾਂ ਦਾ ਕਹਿਣਾ ਹੈ ਕਿ ਗੱਲਬਾਤ ਚੱਲ ਰਹੀ ਹੈ। ਭਾਰਤ ਨਾਲ ਇਹ ਸਮਝੌਤਾ ਪਿਛਲੇ ਸਾਲਾਂਤੋਂ ਦੁਵੱਲੇ ਸਬੰਧਾਂ ਵਿੱਚ ਅੜਿੱਕਾ ਬਣਿਆ ਹੋਇਆ ਹੈ। ਸੂਤਰਾਂ ਅਨੁਸਾਰ ਇਹ ਸਮਝੌਤਾ ਇਸ ਹਫ਼ਤੇ ਦੇ ਸ਼ੁਰੂ ਵਿੱਚ ਹੋ ਸਕਦਾ ਹੈ, ਜਦੋਂ ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਜੀ-7 ਸੰਮੇਲਨ ਵਿੱਚ ਬਹੁ-ਪੱਖੀ ਗੱਲਬਾਤ ਲਈ ਲੰਡਨ ਵਿੱਚ ਹੋਣਗੇ, ਜਿਸ ਦੀ ਮੇਜ਼ਬਾਨੀ ਡੌਮਨਿਕ ਰਾਬ ਕਰ ਰਹੇ ਹਨ। ਭਾਰਤ ਨੇ ਯੂ ਕੇ ਨੂੰ ਵੀਜ਼ਾ ਉਦਾਰੀਕਰਨ, ਖ਼ਾਸ ਕਰਕੇ ਵਿਦਿਆਰਥੀਆਂ ਅਤੇ ਪੇਸ਼ੇਵਰਾਂ



ਲਈ ਦਬਾਅ ਪਾਉਣ ਲਈ ਇੱਕ ਲੰਬੀ ਮੁਹਿੰਮ ਚਲਾਈ ਹੈ ਅਤੇ ਯੂ ਕੇ ਨਾਲ ਨਿਵੇਸ਼ ਸਬੰਧਾਂ ਨੂੰ ਸੁਰੱਖਿਅਤ ਕਰਨ ਦੀ ਆਸ ਕਰਦਾ ਹੈ। ਬ੍ਰਿਟੇ ਬਦਲੇ ਵਿੱਚ ਭਾਰਤ ਨੂੰ ਕਈ ਸੇਵਾਵਾਂ ਦੇਣ, ਖ਼ਾਸ ਕਰਕੇ ਕਾਨੂੰਨੀ ਖੇਤਰ ਵਿੱਚ ਅਤੇ ਸਕਾਚ ਵਿਸਕੀ ਉਤੇ 150 ਫ਼ੀਸਦੀ ਟੈਰਿਫ਼ ਵਿੱਚ ਕਮੀ ਲਿਆਉਣ ਲਈ ਵਧੇਰੇ ਪਹੁੰਚ ਪ੍ਰਾਪਤ ਕਰਨੀ ਚਾਹੁੰਦਾ ਹੈ। ਸਾਲ 2018 ਵਿੱਚ ਦੋਵੇਂ ਦੇਸ਼ ਬ੍ਰਿਟੇਨ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਭਾਰਤ ਮੋੜਨ ਦੇ ਸਮਝੌਤੇ ਉੱਤੇ ਦਸਖ਼ਤ ਕਰਨ ਦੇ ਨੇੜੇ ਪਹੁੰਚ ਗਏ ਸਨ, ਪਰ ਗੱਲਬਾਤ ਸਿਰੇ ਨਹੀਂ ਲੱਗੀ। ਬ੍ਰਿਟੇਨ ਦੇ ਅਨੁਮਾਨ ਅਨੁਸਾਰ ਇੱਕ ਲੱਖ ਪ੍ਰਵਾਸੀ ਭਾਰਤੀ ਗ਼ੈਰ-ਕਾਨੂੰਨੀ ਢੰਗ ਨਾਲ ਓਥੇ ਰਹਿ ਰਹੇ ਸਨ।ਬ੍ਰਿਟੇਨ ਅਨੁਸਾਰ ਭਾਰਤ ਨੇ ਪ੍ਰਵਾਸੀ ਨਾਗਰਿਕਾਂ ਦੇ ਵਾਪਸ ਆਉਣ ਬਾਰੇ ਕਈ ਚਿੰਤਾਵਾਂ ਪ੍ਰਗਟਾਈਆਂ ਸਨ। ਭਾਰਤ ਸਰਕਾਰ ਨੂੰ ਡਰ ਹੈ ਕਿ ਅਜਿਹੇ ਲੋਕਾਂ ਦੇ ਵਾਪਸ ਆਉਣ ਨਾਲ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਹੋ ਸਕਦਾ। ਜੇ ਸਮਝੌਤਾ ਸਿਰੇ ਚੜ੍ਹ ਗਿਆ ਤਾਂ ਸਿੱਖ ਅਤੇ ਕਸ਼ਮੀਰੀ ਖਾੜਕੂਆਂ ਦੇ ਭਾਰਤ ਵਾਪਸ ਆਉਣ ਦੀਆਂ ਸੰਭਾਵਨਾ ਵਧ ਜਾਣਗੀਆਂ। ਦੂਜੇ ਪਾਸੇ ਯੂ ਕੇ ਕਈ ਸਾਲਾਂ ਤੋਂ ਪੱਕੇ ਹੋਣ ਦੀਆਂ ਆਸਾਂ ਲਾਈ ਬੈਠੇ ਲੋਕਾਂ ਨੂੰ ਵੀ ਵਾਪਸ ਭੇਜੇ ਜਾਣ ਦਾ ਨਵਾਂ ਡਰ ਸਤਾਉਣ ਲੱਗ ਪਿਆ ਹੈ।

## ਚੀਨ ਨੂੰ ਉਲਟਾ ਪਿਆ ਮਜ਼ਾਕ, ਚੀਨੀ ਯੂਜ਼ਰਸ ਦੇ ਇਤਰਾਜ਼ ਮਗਰੋਂ ਪੋਸਟ ਨੂੰ ਹਟਾ ਲਿਆ ਗਿਆ

ਬੀਜਿੰਗ, 4 ਮਈ (ਪੋਸਟ ਬਿਊਰੋ)- ਚੀਨੀ ਕਮਿਊਨਿਸਟ ਪਾਰਟੀ (ਸੀ ਸੀ ਪੀ) ਵੱਲੋਂ ਇੰਟਰਨੈਟ ਮੀਡੀਆ ਉੱਤੇ ਜਾਰੀ ਇੱਕ ਪੋਸਟ ਵਿੱਚ ਭਾਰਤ ਦੇ ਕੋਵਿਡ-19 ਸੰਕਟ ਦਾ ਮਜ਼ਾਕ ਬਣਾਇਆ ਗਿਆ, ਪਰ ਚੀਨ ਦਾ ਭਾਰਤ ਦਾ ਖਰਾਬ ਅਕਸ ਪੇਸ਼ ਕਰਨ ਦੀ ਇਹ ਮਾੜੀ ਕੋਸ਼ਿਸ਼ ਉਲਟਾ ਉਸ ਦੇ ਅਕਸ ਉੱਤੇ ਭਰੀ ਪੈ ਗਈ ਹੈ।

ਸੀ ਐਨ ਐਨ ਦੀ ਰਿਪੋਰਟ ਮੁਤਾਬਕ ਇੰਟਰਨੈਟ ਮੀਡੀਆ ਦੇ ਜਿਸ ਅਕਾਊਂਟ ਤੋਂ ਭਾਰਤ ਵਿੱਚ ਮੌਜੂਦਾ ਕੋਵਿਡ-19 ਦੇ ਹਾਲਾਤ ਦਾ ਮਜ਼ਾਕ ਬਣਾਉਣ ਦੀ ਕੋਸ਼ਿਸ਼ ਕੀਤੀ ਗਈ, ਉਹ ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਵਿਚਲੇ ਸ਼ਕਤੀਸ਼ਾਲੀ ਧੜੇ ਸੈਂਟਰਲ ਕਮਿਸ਼ਨ ਫਾਰ ਪੋਲੀਟੀਕਲ ਐਂਡ ਲੀਗਲ ਅਫੇਅਰਜ਼ ਦਾ ਹੈ। ਇਸ ਵਿੱਚ ਚੀਨ ਦੇ ਇੰਟਰਨੈਟ ਪਲੇਟਫਾਰਮ ਵੇਬੋ ਉੱਤੇ ਚੀਨ ਦੇ ਲਾਂਗ ਮਾਰਚ-5ਬੀ ਕੈਰੀਅਰ ਰਾਕੇਟ ਦੇ ਧਮਾਕੇ ਕਰਨ ਦੀ ਤਸਵੀਰ ਨਾਲ ਭਾਰਤ ਵਿੱਚ ਰਾਤ ਦੇ ਸਮੇਂ ਸੜਦੇ ਸਿਵਿਆਂ ਦੀ ਤਸਵੀਰ ਲਾਈ ਗਈ ਅਤੇ ਇਸ ਦੇ ਹੇਠਾਂ ਕੈਪਸ਼ਨ ਲਾਈ ਗਈ ਸੀ ਕਿ ਚੀਨ ਦਾ ਅੱਗ ਲਾਉਣਾ ਬਨਾਮ ਭਾਰਤ ਦਾ ਅੱਗ ਲਾਉਣਾ। ਇਸ ਦੇ ਨਾਲ ਇਸ ਵਿੱਚ ਹੈਸ਼ਟੈਗ ਲਾਇਆ ਗਿਆ ਕਿ ਭਾਰਤ ਨੇ ਇੱਕ ਦਿਨ ਵਿੱਚ ਕੋਵਿਡ-19 ਦੇ ਕੇਸ ਚਾਰ ਲੱਖ ਤੋਂ ਉਪਰ ਹੋਣ ਦਾ ਐਲਾਨ ਕੀਤਾ ਹੈ। ਇਸ ਤਸਵੀਰ ਨੂੰ ਫਿਰ ਚੀਨ ਦੇ ਹੋਰਨਾਂ ਸਰਕਾਰੀ ਖਾਤਿਆਂ ਨਾਲ ਸਾਂਝਾ ਕੀਤਾ ਗਿਆ ਹੈ, ਪਰ ਚੀਨ ਸਰਕਾਰ ਦੀ ਇਸ ਹਰਤਕ ਉਤੇ ਚੀਨੀ ਇੰਟਰਨੈਟ ਮੀਡੀਆ ਦੇ ਕਈ ਯੂਜ਼ਰ ਹੈਰਾਨ ਰਹਿ ਗਏ।ਇੱਕ ਚੀਨੀ ਯੂਜ਼ਰ ਨੇ ਕੁਮੈਂਟ ਵਿੱਚ ਲਿਖਿਆ ਕਿ ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਇਹ ਪੋਸਟ ਚੀਨੀ ਸਰਕਾਰ ਦੇ ਇੱਕ ਖਾਤੇ ਤੋਂ ਕੀਤੀ ਗਈ ਹੈ। ਤੁਹਾਨੂੰ ਦੂਜਿਆਂ ਦੀ ਤਕਲੀਫ ਨਾਲ ਆਪਣੇ ਦੇਸ਼ ਦਾ ਗੌਰਵ ਦੱਸਣ ਦੀ ਲੋੜ ਕਿਉਂ ਮਹਿਸੂਸ ਹੋਈ? ਇੱਕ ਹੋਰ ਚੀਨੀ ਯੂਜ਼ਰ ਨੇ ਲਿਖਿਆ ਕਿ ਇਸ ਨੂੰ (ਸੈਂਸਰ ਤੋਂ) ਮਨਜ਼ੂਰੀ ਕਿਵੇਂ ਮਿਲੀ? ਇਹ ਪੂਰੀ ਤਰ੍ਹਾਂ ਮਨੁੱਖੀ ਜੀਵਨ ਦਾ ਅਪਮਾਨ ਹੈ। ਇੱਥੋਂ ਤੱਕ ਕਿ ਇਸ ਪੋਸਟ ਨੂੰ ਸਰਕਾਰੀ ਸਮਾਚਾਰ ਪੱਤਰ ਗਲੋਬਲ ਟਾਈਮਜ਼ ਦੇ ਮੁੱਖ ਸੰਪਾਦਕ ਹਿਊ ਜਿਆਨ ਨੇ ਵੀ ਬਹੁਤ ਖਰਾਬ ਮੰਨਿਆ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ ਵਿੱਚ ਭਾਰਤ ਦਾ ਮਜ਼ਾਕ ਚੀਨ ਦੇ ਕਿਸੇ ਅਧਿਕਾਰਤ ਇੰਟਰਨੈਟ ਖਾਤੇ ਜਾਂ ਹੋਰ ਤਾਕਤਾਂ ਰਾਹੀਂ ਬਣਾਉਣਾ ਗਲਤ ਹੈ।

## ਬੰਗਲਾ ਦੇਸ਼ ਵਿੱਚ ਕਿਸ਼ਤੀ ਪਲਟਣ ਕਾਰਨ 26 ਮੌਤਾਂ, ਕਈ ਲਾਪਤਾ



ਢਾਕਾ, 4 ਮਈ (ਪੋਸਟ ਬਿਊਰੋ)- ਬੰਗਲਾ ਦੇਸ਼ ਵਿੱਚ ਸਮੱਰਥਾ ਤੋਂ ਵੱਧ ਭਰੀ ਇੱਕ ਸਪੀਡ ਕਿਸ਼ਤੀ ਰੇਤ ਨਾਲ ਲੱਦੇ ਇੱਕ ਜਹਾਜ਼ ਨਾਲ ਟਕਰਾਉਣ ਤੋਂ ਬਾਅਦ ਪਲਟ ਗਈ। ਇਸ ਘਟਨਾ ਵਿੱਚ ਘੱਟੋ-ਘੱਟ 26 ਲੋਕਾਂ ਦੀ ਮੌਤ ਹੋ ਗਈ ਜਦਕਿ ਕਈ ਹੋਰ ਲਾਪਤਾ ਹੋ ਗਏ ਦੱਸੇ ਜਾ ਰਹੇ ਹਨ।

ਪੁਲਸ ਮੁਤਾਬਕ ਇਸ ਕਿਸ਼ਤੀ ਨੂੰ ਗ਼ੈਰ-ਤਜ਼ਰਬੇਕਾਰ ਨਾਬਾਲਗ਼ ਮੁੰਡਾ ਚਲਾ ਰਿਹਾ ਸੀ। ਇਹ ਹਾਦਸਾ ਕੱਲ੍ਹ ਸਵੇਰੇ ਬਾਂਗਲਾ ਬਾਜ਼ਾਰ ਫੇਰੀ ਘਾਟ ਉਤੇ ਵਾਪਰਿਆ, ਜਦੋਂ ਸਮੱਰਥਾ ਤੋਂ ਵੱਧ ਭਰੀ ਸਪੀਡ ਕਿਸ਼ਤੀ ਦੀ ਜਹਾਜ਼ ਨਾਲ ਟੱਕਰ ਹੋ ਗਈ। ਪੁਲਸ ਦੇ ਇੱਕ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ 26 ਲਾਸ਼ਾਂ ਕੱਢੀਆਂ ਹਨ ਤੇ ਪੰਜ ਲੋਕਾਂ ਨੂੰ ਜ਼ਿੰਦਾ ਬਚਾਇਆ ਹੈ, ਪਰ ਸਪੀਡ ਬੋਟ ਦੀਆਂ ਕਈ ਸਵਾਰੀਆਂ ਦੇ ਲਾਪਤਾ ਹੋਣ ਦਾ ਡਰ ਹੈ, ਇਸ ਲਈ ਖੋਜ ਮੁਹਿੰਮ ਜਾਰੀ ਹੈ। ਨੇੜਲੇ ਫੇਰੀ ਟਰਮੀਨਲ ਦੇ ਪੁਲਸ ਇੰਸਪੈਕਟਰ ਆਸ਼ਿਕ-ਉਰ-ਰਹਿਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਕਿਸ਼ਤੀ ਦਾ ਡਰਾਈਵਰ ਗ਼ੈਰ ਤਜ਼ਰਬੇਕਾਰ ਨਾਬਾਲਗ਼ ਮੁੰਡਾ ਸੀ। ਉਨ੍ਹਾਂ ਦੱਸਿਆ ਕਿ ਚਸ਼ਮਦੀਦਾਂ ਤੇ ਪੀੜਤਾਂ ਨੇ ਦੱਸਿਆ ਕਿ ਕਿਸ਼ਤੀ ਵਿੱਚ 30 ਸਵਾਰੀਆਂ ਸਨ ਅਤੇ ਜਹਾਜ਼ ਮਦਰੀਪੁਰ ਦੇ ਸ਼ਿਬਚਰ ਸ਼ਹਿਰ ਨੇੜੇ ਪਦਮ ਨਦੀ ਵਿੱਚੋਂ ਰੇਤ ਲਿਜਾ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਬਚਾਅ ਮੁਹਿੰਮ ਜਾਰੀ ਹੈ।

## ਸਰੀਰਕ ਸੰਬੰਧ ਬਣਾਉਂਦੇ ਸਮੇਂ ਹਿਟਲਰ ਹੱਦਾਂ ਪਾਰ ਕਰ ਜਾਂਦਾ ਸੀ

ਲੰਡਨ, 4 ਮਈ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਵੱਡੇ ਤਾਨਾਸ਼ਾਹਾਂ ਵਿੱਚ ਸ਼ਾਮਲ ਜਰਮਨੀ ਦੇ ਸ਼ਾਸਕ ਰਹੇ ਅਡੋਲਫ ਹਿਟਲਰ ਦੀ ਸੈਕਸ ਲਾਈਫ ਬਾਰੇ ਡਾਕੂਮੈਂਟਰੀ ਵਿੱਚ ਕਿਹਾ ਗਿਆ ਹੈ ਕਿ ਉਹ ਸੈਕਸ ਦੌਰਾਨ ਉਸ ਦੇ ਉਪਰ ਯੂਰਿਨ ਕਰਨ ਵਾਲੀਆਂ ਔਰਤਾਂ ਨੂੰ ਬਹੁਤ ਪਸੰਦ ਕਰਦਾ ਸੀ। ਇਹੋ ਨਹੀਂ, ਉਸ ਦੇ ਆਪਣੀ ਭਤੀਜੀ ਨਾਲ ਵੀ ਸੰਬੰਧ ਸਨ। ਉਹ ਸਰੀਰਕ ਸੰਬੰਧ ਬਣਾਉਂਦੇ ਸਮੇਂ ਹੱਦਾਂ ਪਾਰ ਕਰ ਜਾਂਦਾ ਸੀ।

ਹਿਟਲਰ ਸੀਕ੍ਰੇਟ ਸੈਕਸ ਲਾਈਫ' ਡਾਕੂਮੈਂਟਰੀ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਨਾਜ਼ੀ ਤਾਨਾਸ਼ਾਹ



ਉਨ੍ਹਾਂ ਔਰਤਾਂ ਨੂੰ ਪਸੰਦ ਕਰਦਾ ਸੀ, ਜੋ ਉਸ ਦੇ ਨਾਲ ਅਸ਼ਲੀਲ ਹਰਕਤਾਂ ਕਰਦੀਆਂ ਸਨ। ਮੰਨਿਆ ਜਾਂਦਾ ਹੈ ਕਿ ਲੱਗਭਗ ਪੰਜ ਸਾਲ ਤੱਕ ਹਿਟਲਰ ਅਤੇ ਉਸ ਦੀ ਭਤੀਜੀ ਗੇਲੀ ਰਾਊਬਲ ਦੇ ਸੰਬੰਧ ਚੱਲੇ। ਸਾਲ 1931 ਵਿੱਚ ਹਿਟਲਰ ਦੇ ਮਿਊਨਿਖ ਵਾਲੇ ਅਪਾਰਟਮੈਂਟ ਵਿੱਚਗੇਲੀਮਰੀ ਹੋਈ ਮਿਲੀ ਸੀ। ਗੇਲੀ ਦੀ ਛਾਤੀ ਵਿੱਚ ਗੋਲੀ ਮਾਰੀ ਗਈ ਸੀ। ਹੱਤਿਆ ਸਮੇਂ ਗੇਲੀ ਦੀ ਉਮਰ ਸਿਰਫ਼ 23 ਸਾਲ ਸੀ। ਅਦਾਕਾਰਾ ਰੇਨਾਤਾ ਮੁਲੇਰ ਨੇ ਵੀ ਖੁਲਾਸਾ ਕੀਤਾ ਸੀ ਕਿ ਹਿਟਲਰ ਅਸ਼ਲੀਲ ਹਰਕਤਾਂ ਕਰਨ ਨੂੰ ਕਹਿੰਦਾ ਸੀ। ਰੇਨਾਤਾ ਦੀ ਹਿਟਲਰ ਨਾਲ ਅਸ਼ਲੀਲ ਸੈਕਸ ਹਰਕਤਾਂ ਕਰਦਿਆਂ ਮੌਤ ਹੋਈ ਸੀ। ਹਿਟਲਰ ਦਾਅਵਾ ਕਰਦਾ ਸੀ ਕਿ ਉਹ ਸੈਕਸ ਤੋਂ ਦੂਰ ਰਹਿੰਦਾ ਅਤੇ ਵੇਸ਼ਵਾਪੁਣੇ ਦਾ ਵਿਰੋਧੀ ਹੈ। ਡਾਕੂਮੈਂਟਰੀ ਮੁਤਾਬਕ ਹਕੀਕਤ ਇਹ ਸੀ ਕਿ ਉਹ ਸੈਕਸ ਵਰਕਰਾਂ ਨੂੰ ਆਪਣੇ ਪ੍ਰਾਈਵੇਟ ਸ਼ੋਅ ਵਿੱਚ ਬੁਲਾਉਂਦਾ ਸੀ ਅਤੇ ਉਸ ਨੂੰ ਪੋਰਨ ਦੀ ਆਦਤ ਸੀ।

## ਅਫਗਾਨਿਸਤਾਨ ਤੋਂ ਫੌਜ ਵਾਪਸੀ ਦੌਰਾਨ ਹਮਲਿਆਂ ਨਾਲ ਨਜਿੱਠਣ ਦੀ ਤਿਆਰੀ ਕਰ ਰਿਹੈ ਅਮਰੀਕਾ

ਵਾਸ਼ਿੰਗਟਨ, 4 ਮਈ (ਪੋਸਟ ਬਿਊਰੋ)- ਅਫ਼ਗਾਨਿਸਤਾਨ ਤੋਂ ਅਮਰੀਕੀ ਅਤੇ ਗਠਜੋੜ ਫੋਰਸਾਂ ਦੀ ਵਾਪਸੀ ਪ੍ਰਕਿਰਿਆ ਦੌਰਾਨ ਤਾਲਿਬਾਨ ਦੇ ਹਮਲੇ ਹੋਣ ਦੇ ਸ਼ੱਕ ਕਾਰਨਅਮਰੀਕਾਉਨ੍ਹਾਂ ਨਾਲਨਜਿੱਠਣ ਦੀਆਂ ਤਿਆਰੀਆਂ ਕਰ ਰਿਹਾ ਹੈ।

ਤਾਲਿਬਾਨ ਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਜ ਦੌਰਾਨ ਫਰਵਰੀ 2020 ਨੂੰ ਹੋਏ ਸਮਝੌਤੇ ਹੇਠ ਸਾਰੀਆਂ ਅਮਰੀਕੀ ਅਤੇ ਹੋਰ ਵਿਦੇਸ਼ੀ ਫੋਰਸਾਂ ਨੇ ਮਈ ਵਿੱਚ ਅਫ਼ਗਾਨਿਸਤਾਨ ਵਿੱਚੋਂਚਲੇ ਜਾਣਾ



ਹੈ। ਸਮਝੌਤੇ ਹੇਠ ਤਾਲਿਬਾਨ ਨੇ ਅਮਰੀਕੀ ਫੌਜਾਂ ਉੱਤੇ ਹਮਲੇ ਬੰਦ ਕਰ ਦਿੱਤੇ ਹਨ ਅਤੇ ਓਦੋਂ ਤੋਂ ਕੋਈ ਮੌਤ ਨਹੀਂ ਹੋਈ। ਇਸ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਫੌਜ ਵਾਪਸੀ ਕਰਨ ਦਾ ਫ਼ੈਸਲਾ ਕੀਤਾ ਹੈ, ਪਰ ਇਸ ਦੀ ਦੇਰ ਕਾਰਨ ਫੌਜਾਂ ਦੀ ਵਾਪਸੀ ਦੌਰਾਨ ਹਮਲੇ ਹੋਣ ਦੇ ਸ਼ੱਕ ਕਾਰਨ ਸੁਰੱਖਿਆ ਦਾ ਨਵਾਂ ਖ਼ਤਰਾ ਹੋ ਗਿਆ। ਅਮਰੀਕਾ ਦੇ ਰੱਖਿਆ ਮੰਤਰੀ ਲਾਇਡ ਆਸਟਿਨ ਨੇ ਪੱਛਮੀ ਏਸ਼ੀਆ ਵਿੱਚ ਇੱਕ ਜਹਾਜ਼ੀ ਬੇੜਾ ਤਾਇਨਾਤ ਕਰਨ ਤੇ ਘੱਟੋ-ਘੱਟ 4 ਬੀ-52 ਬੰਬਾਰ ਅਤੇ ਆਰਮੀ ਰੇਂਜਰ ਫੋਰਸ ਦਾ ਇੱਕ ਹਿੱਸਾ ਉਥੇ ਭੇਜਣ ਦਾ ਫ਼ੈਸਲਾ ਕੀਤਾ ਹੈ।

